ਵਰਿਆਮ

ਨਵੰਬਰ 19

1975



ਵਰਿਆਮ

ਨਵੰਬਰ 1975

ਸੰਪਾਦਕ : ਜਗਦੀਸ਼ ਸਿੰਘ

ਮੁਲ ਪ੍ਰਤੀ ਕਾਪੀ : 1 ਰੁਪਿਆ

ਚੰਦਾ ਸਾਲਾਨਾ : 12 ਰੁਪਏ

ਐਡੀਟਰ ਪ੍ਰਿੰਟਰ ਤੇ ਪ੍ਰਕਾਸ਼ਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼ ਲਾਡੋਵਾਲੀ ਰੋਡ ਜਲੰਧਰ ਤੋਂ ਛਪਵਾਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸ੍ਰੀ ਜੀਵਨ ਨਗਰ

ਸੰਦੇਸ਼

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ਅਜ ਸਾਹਿੱਤ ਅਤੇ ਸਮਾਜ ਵਿਚ, ਸਮੇਂ ਦੇ ਪ੍ਰਭਾਵ ਨਾਲ, ਕਈ ਤਰ੍ਹਾਂ ਦੀਆਂ ਗਿਰਾਵਟਾਂ ਆ ਗਈਆਂ ਤੇ ਆ ਰਹੀਆਂ ਹਨ। 'ਸਾਹਿੱਤ' ਦੇ ਨਾਂ ਤੇ ਭ੍ਰਿਸ਼ਟਾਚਾਰਤੇ ਭੈੜੀ ਪ੍ਰਚਾਰ ਦਾ ਕੰਮ ਸਗੋਂ ਬਹੁਤਾ ਹੋ ਰਿਹਾ ਹੈ ਤੇ ਇਹ ਸਾਹਿੱਤ ਤੇ ਸਮਾਜ ਦੋਹਾਂ ਲਈ ਹਾਨੀਕਾਰਕ ਤੇ ਮਾਰੂ ਹੈ। ਅਜਿਹੇ ਅਧੋਗਤੀ ਦੇ ਸਮੇਂ ਵਿਚ ਕਿਸੇ 'ਵਰਿਆਮ' ਦਾ ਹੀ ਕੰਮ ਹੈ ਕਿ ਉਹ ਸਮਾਜ ਨੂੰ ਸਹੀ ਸੇਧ ਦੇਣ ਵਾਲਾ ਸਾਹਿੱਤ ਪੈਦਾ ਕਰ ਕੇ ਸਮਾਜ ਦੀ ਸਹੀ ਸੇਵਾ ਕਰੇ। ਮੈਨੂੰ ਪੂਰਨ ਆਸ ਹੈ ਕਿ 'ਵਰਿਆਮ' ਵਰਿਆਮਤਾ ਨਾਲ ਆਪਣਾ ਫ਼ਰਜ਼ ਪੂਰਾ ਕਰੇਗਾ।

'ਵਰਿਆਮ' ਦੀ ਸਫਲਤਾ ਲਈ ਮੈਂ ਸ਼ੁਭ ਕਾਮਨਾਵਾਂ ਭੇਜਦਾ ਹਾਂ।

(ਜਗਜੀਤ ਸਿੰਘ)

(੬ ਅਸੂ ੨੦੩੨)

ਸੰਦੇਸ਼

ਕਾ: ਜਗਜੀਤ ਸਿੰਘ ਅਨੰਦ ਐਮ. ਪੀ.



ਜਦੋਂ ਵੀ ਪਤਾ ਲਗੇ ਕਿ ਕੋਈ ਸਜਣ ਪੱਤਰਕਾਰੀ ਦੇ ਮੈਦਾਨ ਵਿਚ ਕਦਮ ਰੱਖ ਰਿਹਾ ਹੈ ਤਾਂ ਬੁਨਿਆਦੀ ਤੋਰ ਤੇ ਪੱਤਰਕਾਰ ਹੋਣ ਦੇ ਨਾਤੇ ਖੁਸ਼ੀ ਹੁੰਦੀ ਹੈ ਪਰ ਨਾਲ ਹੀ ਰਸ਼ਕ ਵੀ ਆਉਂਦਾ ਹੈ। ਖੁਸ਼ੀ ਹੁੰਦੀ ਹੈ ਇਸ ਗਲ ਦੀ ਕਿ ਕੋਈ ਵੀਰ ਸਾਡੇ ਵਾਲੇ ਪੈਂਡੇ ਹੀ ਪੈ ਰਿਹਾ, ਤੇ ਰਸ਼ਕ ਆਉਂਦਾ ਹੈ ਕਿ ਕਿਹਾ ਵਰਿਆਮ ਹੈ ਇਹ ਬੰਦਾ। ਕਿਉਂਕਿ ਅਜ ਕਲ ਦੇ ਜ਼ਮਾਨੇ ਵਿਚ ਕੋਈ ਪੱਤਰ ਪ੍ਰਕਾਸ਼ਕ ਕਰਨਾ, ਤੇ ਉਹ ਵੀ ਆਪਣੀ ਬੋਲੀ ਪੰਜਾਬੀ ਵਿਚ, ਕਿਸੇ ਸੂਰਮੇ ਦਾ ਹੀ ਕੰਮ ਹੈ। ਪੈਰ ਪੈਰ ਤੇ ਔਕੜਾਂ ਆਉਣਗੀਆਂ, ਕਿਉਂਕਿ ਰਾਹ ਬਿਖੜਾ ਹੈ, ਤੱਦ ਵੀ ਆਸ ਕਰਦਾ ਹਾਂ ਕਿ ਸਫਲਤਾ ਜ਼ਰੂਰ ਪ੍ਰਾਪਤ ਹੋਵੇਗੀ ਕਿਉਂਕਿ ਤੁਹਾਡੀ ਦਿੱਖ ਅਗੇ ਵਧੂ ਹੈ ਤੇ ਸਿਰੜ ਵੱਡਾ ਹੈ।

ਜਲਧਰ — ਜਗਜੀਤ ਸਿੰਘ ਆਨੰਦ

13-10-75

ਪਰਵੇਸ਼

'**ਵਰਿਆਮ**' ਦਾ ਪਹਿਲਾ ਪਰਚਾ ਪਾਠਕਾਂ ਦੇ ਹੱਥਾਂ ਵਿਚ ਪਹੁੰਚਾਦਿਆਂ ਬੜੀ ਖੁਸ਼ੀ ਅਨੁਭਵ ਕਰ ਰਹੇ ਹਾਂ। ਆਪਣੇ ਸਰਪ੍ਰਸਤਾਂ, ਹਿਤੂਆਂ ਅਤੇ ਮਿਤਰਾਂ ਦੇ ਆਸਰੇ ਹੀ ਅਸੀਂ ਇਹ ਪਰਚਾ ਸ਼ੁਰੂ ਕਰਨ ਵਾ ਉਪਰਾਲਾ ਕਰ ਸਕੇ ਹਾਂ। ਸਾਡਾ ਯਤਨ ਹੋਵੇਗਾ ਕਿ ਅਸੀਂ ਨਰੋਏ ਸਾਹਿਤ ਰਾਹੀਂ ਪੰਜਾਬੀ ਬੋਲੀ ਅਤੇ ਲੋਕਾਂ ਦੀ ਸੇਵਾ ਕਰ ਸੱਕੀਏ। ਧਰਮ, ਸਾਹਿਤ, ਗਿਆਨ, ਵਿਗਿਆਨ, ਸਭਿਆਚਾਰ ਦੇ ਨਾਲ ਨਾਲ ਦੇਸ਼ ਵਿਦੇਸ਼ ਬਾਰੇ ਹੋਰ ਜਾਣਕਾਰੀ ਦੇਣ ਦਾ ਯਤਨ ਕਰਾਂਗੇ। ਸੋੜੀ ਪਾਰਟੀ ਬਾਜ਼ੀ ਧੜੇਬੰਦੀ ਫਿਰਕੇਦਾਰੀ ਤੋਂ ਨਿਰਲੇਪ ਰਹਿੰਦਿਆਂ ਹੋਇਆਂ **ਵਰਿਆਮ** ਅਪਣਾ ਅਗਾਂਹ ਵਧੂ ਦ੍ਰਿਸ਼ਟੀਕੋਣ ਰਖੇਗਾ।

ਇਸ ਸਾਲ ਅਸੀਂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਤੀਜੀ ਸ਼ਤਾਬਦੀ ਮਨਾ ਰਹੇ ਹਾਂ। ਉਹਨਾਂ ਦੀ ਵਰਿਆਮ ਸਪਿਰਟ ਨੇ ਦੇਸ਼ ਦੀ ਕਾਇਆ ਪਲਟ ਦਿੱਤੀ ਅਤੇ ਵਰਿਆਮਾਂ ਦੀ ਕੌਮ ਨੂੰ ਹੀ ਜਨਮ ਦਿਤਾ। ਅਤੇ ਫੇਰ ਅਣਗਣਿਤ ਸੂਰਬੀਰਾਂ ਨੇ ਖੁਸ਼ੀ ਖੁਸ਼ੀ ਅੱਗੇ ਵਧ ਵਧ ਕੇ ਅਪਣੇ ਜੀਵਨ ਦੀਆਂ ਆਹੂਤੀਆਂ ਦੇਸ਼ ਦੇ ਲੇਖੇ ਲਾਈਆਂ। 1872 ਵਿਚ ਅੰਗਰੇਜ ਦੀਆਂ ਤੋਪਾਂ ਸਾਹਮਣੇ ਆਪੂੰ ਰਖੀਆਂ ਇੱਟਾਂ ਉਪਰ ਖਲੋ ਕੇ ਸ਼ਹਾਦਤ ਤੇ ਬਜ਼ਿਦ ਹੋਣ ਵਾਲੇ ਦਾ ਤਾਂ ਨਾਮ ਹੀ ਵਰਿਆਮ ਸਿੰਘ ਸੀ। ਅਪਣੇ ਦੇਸ਼ ਦੀ ਆਜ਼ਾਦੀ ਵਾਸਤੇ ਗਿਣ ਮਿਥ ਕੇ ਸ਼ਹੀਦੀ ਪਾਉਣ ਦੀ ਇਸ ਪ੍ਰਿਤ ਨੂੰ ਹੋਰ ਵੀ ਅਗੇ ਵਧਾਇਆ ਸ਼ਹੀਦ ਭਗਤ ਸਿੰਘ ਤੇ ਉਸ ਦੀ ਪਾਰਟੀ ਨੇ। ਦੇਸ਼ ਭਗਤ ਗਦਰੀ ਬਾਬਿਆਂ ਨੇ ਲਾਸਾਨੀ ਕੁਰਬਾਨੀਆਂ ਦਿਤੀਆਂ ਅਤੇ ਅਣਗਣਿਤ ਹੋਰ ਜਾਣੇ ਅਣਜਾਣੇ ਸ਼ਹੀਦਾਂ ਸੂਰਬੀਰਾਂ ਤੇ ਵਰਿਆਮਾਂ ਨੇ ਆਪਣਾ ਸਰੀਰ ਆਜ਼ਾਦੀ ਦੀ ਦੇਵੀ ਦੇ ਦਰ ਤੇ ਭੇਟ ਕੀਤਾ।

ਅੰਤਰਰਾਸ਼ਟਰੀ ਪਧਰ ਤੇ ਹੁਣੇ ਹੁਣੇ ਹੀ ਵੀਅਤਨਾਮ ਦੇ ਜੁਝਾਰੂ ਸੰਗਰਾਮੀਆਂ ਨੇ ਅਪਣੀਆਂ ਬੇ-ਮਿਸਾਲ ਕੁਰਬਾਨੀਆਂ ਨਾਲ ਰਾਂਗਲਾ ਇਤਿਹਾਸ ਸਿਰਜ ਕੇ ਸਾਬਤ ਕਰ ਦਿਤਾ ਹੈ ਕਿ ਦੁਨਿਆਂ ਦੀ ਵੱਡੀ ਤੋਂ ਵੱਡੀ ਤਾਕਤ ਵੀ ਵਰਿਆਮਾਂ ਦੇ ਸਿਰੜ ਅਗੇ ਨਹੀਂ ਟਿਕ ਸਕਦੀ।

ਅਸੀਂ ਉਸੇ ਸਪਿਰਟ ਸਿਰੜ ਅਤੇ ਸਿਦਕ ਨਾਲ ਪੰਜਾਬੀ ਸਾਹਿਤਕ ਖੇਤਰ ਵਿਚ ਪਰਵੇਸ਼ ਕਰ ਰਹੇ ਹਾਂ। ਉਹਨਾਂ ਮਹਾਨ ਵਰਿਆਮਾਂ ਦੇ ਸੁਪਨਿਆਂ ਦਾ ਭਾਰਤ ਬਨਾਉਣ ਲਈ ਅਤੇ ਜਿਨ੍ਹਾਂ ਆਦਰਸ਼ ਲਈ ਉਹ ਜੂਝੇ ਸਨ ਉਨ੍ਹਾਂ ਦੀ ਪ੍ਰਾਪਤੀ ਲਈ ਅਪਣੇ ਦੇਸ਼ ਦੇ ਇਤਿਹਾਸ, ਧਰਮ, ਗਿਆਨ, ਵਿਗਿਆਨ ਅਤੇ ਸਭਿਆਚਾਰ ਨੂੰ ਦਰਸਾਉਂਦਿਆਂ ਹੋਇਆਂ ਵਧੀਆ ਤੇ ਨਰੋਆ ਸਾਹਿਤ ਪਾਠਕਾਂ ਦੇ ਪੇਸ਼ ਕਰਨ ਦਾ ਨਿਮਾਣਾ ਜਿਹਾ ਯਤਨ ਇਸ ਪਰਚੇ ਰਾਹੀਂ ਕੀਤਾ ਗਿਆ ਹੈ।

ਅਪਣੇ ਪਾਠਕਾਂ, ਲੇਖਕਾਂ, ਮਿੱਤ੍ਰਾਂ, ਤੇ ਹਿਤੂਆਂ ਦੀ ਸਰਪ੍ਰਸਤੀ ਅਤੇ ਆਸ਼ੀਰਵਾਦ ਦੇ ਬਲ ਬੋਤੇ ਹੀ ਅਸੀਂ ਕਾਮਯਾਬੀ ਦੀ ਕਾਮਨਾ ਕਰ ਰਹੇ ਹਾਂ।

—ਸੰਪਾਦਕ

ਦਾਜ ਵਿਰੋਧੀ ਕਾਨੂੰਨ

—ਜਗਦੀਸ਼ ਸਿੰਘ

ਅੰਤਰਾਸ਼ਟਰੀ ਇਸਤਰੀ ਵਰ੍ਹੇ ਵਿਚ ਪੰਜਾਬ ਦੇ ਮੁਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੇ ਦਾਜ ਦਹੇਜ ਨੂੰ ਕਾਨੂੰਨੀ ਤੌਰ ਤੇ ਬੰਦ ਕਰਨ ਵਾਸਤੇ ਭਰੋਸਾ ਦਿਤਾ ਹੈ । ਪੰਜਾਬ ਇਸਤਰੀ ਸਭਾ, ਨਾਮਧਾਰੀ ਦਰਬਾਰ ਅਤੇ ਹੋਰ ਅਨੇਕਾਂ ਨੌਜਵਾਨ ਜਥੇਬੰਦੀਆਂ ਵਲੋਂ ਅਤੇ ਨੌਜੁਆਨਾਂ ਦੇ ਵਖ ਵਖ ਗਰੁਪਾਂ ਵਲੋਂ ਵੀ ਇਸ ਗਲ ਦੀ ਪੁਸ਼ਟੀ ਲਈ ਚੰਗਾ ਹੁੰਗਾਰਾ ਆਇਆ ਹੈ ਅਤੇ ਕਈਆਂ ਨੇ ਨਾ ਦਾਜ ਲੈਣ ਦਾ ਪ੍ਰਣ ਕੀਤਾ ਹੈ ਅਤੇ ਲੜਕੀਆਂ ਨੇ ਦਾਜ ਦੇ ਚਾਹਵਾਨ ਮੁੰਡਿਆਂ ਨਾਲ ਸ਼ਾਦੀ ਨਾ ਕਰਨ ਦੇ ਪ੍ਰਣ ਲਏ ਹਨ ।

ਦਾਜ ਦਹੇਜ ਦੀ ਰਸਮ ਬਹੁਤ ਪੁਰਾਣੇ ਸਮੇਂ ਤੋਂ ਚਲੀ ਆ ਰਹੀ ਹੈ ਪਰ ਹੁਣ ਇਸ ਨੇ ਆ ਕੇ ਗਰੀਬਾਂ ਦਾ ਜੀਣਾ ਦੁਬਰ ਕਰ ਛਡਿਆ ਹੈ । ਅਨੇਕਾਂ ਨੌਜੁਆਨ ਵਿਆਹੁਤਾ ਅਤੇ ਅਣਵਿਆਹੁਤਾ ਲੜਕੀਆਂ ਇਸ ਦੀ ਬਲੀ ਚੜ੍ਹ ਚੁਕੀਆਂ ਹਨ । ਅਜ ਦੇ ਸਮੇਂ ਵਿਚ ਆਪ ਵਿਆਹ ਵੀ ਬਹੁਤ ਖਰਚੀਲਾ ਹੋ ਗਿਆ ਹੈ । ਆਜ਼ਾਦੀ ਪਿਛੋਂ ਭਾਵੇਂ ਵਿਦਿਆ ਦਾ ਪਸਾਰ ਵਧਿਆ ਹੈ ਲੋਕਾਂ ਵਿਚ ਆਰਥਕ ਤੌਰ ਤੇ ਖੁਸ਼ਹਾਲੀ ਆਈ ਹੈ । ਪਰ ਇਸ ਦੇ ਨਾਲ ਨਾਲ ਹੀ ਫਜ਼ੂਲ ਰਸਮਾਂ ਰਿਵਾਜਾਂ ਵਿਚ ਵੀ ਕਹਿਰਾਂ ਦਾ ਵਾਧਾ ਹੋਇਆ ਹੈ ਅਤੇ ਰੁਪਏ ਦੇ ਗੰਵਾਰੂ ਵਖਾਲੇ ਨੂੰ ਹੀ ਤਰੱਕੀ ਦੀ ਨਿਸ਼ਾਨੀ ਸਮਝਿਆ ਜਾਣ ਲਗ ਪਿਆ ਹੈ । ਜਿਥੇ ਕੁੜਮਾਈ ਤੇ ਇਕ ਰੁਪਿਆ ਲੜਕੇ ਦੇ ਹਥ ਤੇ ਰਖ ਕੇ ਫੇਰ ਵਿਆਹ ਵੇਲੇ ਹੀ ਲੜਕੀ ਵਾਲਿਆਂ ਨੂੰ ਖਰਚਾ ਪੈਂਦਾ ਸੀ ਉਥੇ ਹੁਣ ਲੜਕੀ ਪਸੰਦ ਕਰਨ ਤੋਂ ਸ਼ੁਰੂ ਹੋ ਕੇ ਫਿਰ ਠਾਕਾ ਸ਼ਗਨ ਚੁਨੀ ਦੀ 'ਗੁਰਮਰਯਾਦਾ ਅਨੁਸਾਰ' ਰਸਮ ਦੇ ਲਕ ਤੋੜੂ ਖਰਚਿਆਂ ਦੇ ਪਿਛੋਂ ਹੀ ਕਿਤੇ ਜਾ ਕੇ ਵਿਆਹ ਦੀ ਵਾਰੀ ਆਉਂਦੀ ਹੈ । ਅਤੇ ਉਸ ਵਿਚ ਹਜ਼ਾਰਾਂ ਰੁਪਏ ਦੀ ਬਿਜਲੀ ਫੂਕੀ ਜਾਂਦੀ ਹੈ ਸ਼ਰਾਬ ਉਡਾਈ ਜਾਂਦੀ ਹੈ—ਅਤੇ ਫੇਰ ਦਾਜ ਦੇ ਵਖਾਵੇ ਅਤੇ ਖਰਚੇ ਫਜ਼ੂਲ ਹੱਦ ਤਕ ਅਪੜ ਗਏ ਹਨ । ਇਸ ਦਾਜ ਦਹੇਜ ਦੀ ਰਸਮ ਦੇ ਐਸੀ ਭੈੜੀ ਸਥਿਤੀ ਵਿਚ ਪੁਜਣ ਦੇ ਸਿਟੇ ਵਜੋਂ ਕਾਲੇ ਧਨ ਅਤੇ ਨਾਜਾਇਜ਼ ਧਨ ਇਕਠਾ ਕਰਨ ਦੀ ਰੁਚੀ ਵਧੀ ਹੈ । ਇਹ ਕਾਲਿਆਂ ਧੰਦਿਆਂ ਨਾਲ ਬੇ-ਦਰੇਗੀ ਨਾਲ ਕਮਾਇਆ ਧਨ ਵਿਆਹ ਸ਼ਾਦੀਆਂ ਸਮੇਂ ਬੜੀ ਬੇਦਰੇਗੀ ਨਾਲ ਹੀ ਫੂਕਿਆ ਜਾਂਦਾ ਹੈ ਅਤੇ ਇਸ ਤਰਾਂ ਸਮਾਜਿਕ ਕੁਰੀਤੀਆਂ ਦੀ ਇਕ ਲੜੀ ਸ਼ੁਰੂ ਹੋ ਜਾਂਦੀ ਹੈ ਅਤੇ ਇਹ ਚੱਕਰ ਇਸ ਤਰਾਂ ਚਲ ਪਿਆ ਹੈ ਕਿ ਇਸ ਵੇਲੇ ਇਸ ਵਿਹੁ ਚੱਕਰ ਨੂੰ ਤੋੜਨ ਵਾਸਤੇ ਇਸ ਤੇ ਭਾਰੀ ਸਟ ਮਾਰਨ ਦੀ ਲੋੜ ਹੈ । ਇਸ ਸਾਰੇ ਸਿਸਟਮ ਦਾ ਅਸਰ ਭਾਵੇਂ ਗਰੀਬਾਂ ਲਈ ਬਹੁਤ ਮਾਰੂ ਸਿਧ ਹੁੰਦਾ ਹੈ ਪਰ ਹੁਣ ਧਨੀ ਵੀ ਇਸ ਦੇ ਸੇਕ ਤੋਂ ਨਹੀਂ ਬਚੇ ਕਿਉਂਕਿ ਲਾਲਚ ਦੀ ਅੱਜ ਕੋਈ ਸੀਮਾ ਨਹੀਂ ਰਹੀ ਅਤੇ ਜ਼ਿਆਦਾ ਤੋਂ ਜ਼ਿਆਦਾ ਧਨ ਵੀ ਲਾਲਚ ਸਾਹਮਣੇ ਹੇਚ ਹੋ ਜਾਂਦਾ ਹੈ। ਭਾਵੇਂ ਇਕਲੇ ਕਾਨੂੰਨ ਬਨਾਉਣ ਨਾਲ ਗੱਲ ਨਹੀਂ ਬਨਣੀ । ਇਸ ਵਾਸਤੇ ਲੋਕਾਂ ਨੂੰ ਖੁਦ ਸੁਚੇਤ ਹੋ ਕੇ ਜੁਰਅਤ ਨਾਲ ਇਸ ਲਾਹਨਤ ਨੂੰ ਖਤਮ ਕਰਨ ਦਾ ਉਪਰਾਲਾ ਵੀ ਕਰਨਾ ਪਵੇਗਾ ਪਰ ਫਿਰ ਵੀ ਕਾਨੂੰਨ ਬਣਾ ਕੇ ਸਰਕਾਰ ਇਸ ਮਸਲੇ ਤੇ ਆਪਣਾ ਫਰਜ਼ ਪੂਰਾ ਕਰੇਗੀ ਅਤੇ ਲੋਕ ਸਮਰਥਨ ਦੀ ਸ਼ਕਤੀ ਦੇ ਬਲ ਬੋਤੇ ਇਸ ਕੁਰਜ ਨੂੰ ਸਮਾਜ ਵਿਚੋਂ ਪੁਟ ਕੇ ਸੁਟ ਵੀ ਸਕਦੀ ਹੈ ।

ਇਸ ਵੇਲੇ ਐਮਰਜੈਂਸੀ ਕਰਕੇ ਜਦੋਂ ਸਰਕਾਰ ਦੇ ਹੱਥ ਹੋਰ ਵੀ ਬਹੁਤ ਲੰਬੇ ਹੋ ਗਏ ਹਨ ਤਾਂ ਇਹ ਸਭ ਤੋਂ ਯੋਗ ਮੌਕਾ ਹੈ ਇਸ ਬੁਰਿਆਈ ਨੂੰ ਲੰਮੀ ਹਥੀਂ ਲੈਣ ਦਾ ।

ਇਹ ਗੱਲ ਠੀਕ ਹੈ ਕਿ ਇਸ ਵਾਸਤੇ ਬਹੁਤ ਉਪ-ਰਾਲਾ ਕਰਨਾ ਪਵੇਗਾ । ਇਸ ਗਲ ਦਾ ਵਿਰੋਧ ਕਈ ਸ਼ਕਲਾਂ ਵਿਚ ਹੋਵੇਗਾ । ਧੀਆਂ ਨੂੰ ਤਿੰਨ ਫੁਲ ਦੇਣ ਦਾ ਬਹਾਨਾ ਬਣਾਇਆ ਜਾਵੇਗਾ ਧੀਆਂ ਦੀ ਵੇਚਾਰਗੀ ਅਤੇ ਅਬਲਾਪਣ ਦੇ ਬਹਾਨੇ ਦਿਤੇ ਜਾਣਗੇ । ਪਰ ਇਹ ਸਾਰਾ ਰੋਣਾ ਪਿਟਣਾ ਉਸ ਬੰਦੇ ਵਾਂਗ ਹੋਵੇਗਾ ਜਿਸ ਨੇ ਆਪਣੇ ਮਾਤਾ ਪਿਤਾ ਦੋਹਾਂ ਨੂੰ ਕਤਲ ਕਰ ਦਿਤਾ ਹੋਵੇ ਅਤੇ ਪਿਛੋਂ ਯਤੀਮ ਹੋਣ ਦੀ ਬਿਨਾ ਤੇ ਕਾਨੂੰਨ ਦੀ ਪਕੜ ਤੋਂ ਬਚਨਾ ਚਾਹੇ ।

ਅਜ ਸਾਰੇ ਸਮਾਜ ਨੂੰ ਜਦੋਂ ਸਮਾਜ ਦੀਆਂ ਕਾਲੀਆਂ ਭੇਡਾਂ ਨੇ ਇਸ ਸਟੇਜ ਤੇ ਲਿਆ ਖੜਾ ਕੀਤਾ ਹੈ ਕਿ ਨਿਤ ਕੋਈ ਨਾ ਕੋਈ ਔਰਤ 'ਸਟੋਵ ਦੀ ਅੱਗ' ਨਾਲ ਸੜ ਜਾਂਦੀ ਹੈ ਤਾਂ ਇਹਨਾਂ ਦੀਆਂ ਦਲੀਲਾਂ ਵਲ ਬਿਲਕੁਲ ਧਿਆਨ ਨਾ ਦਿਤਾ ਜਾਵੇ ।

ਅਤੇ ਜਲਦੀ ਤੋਂ ਜਲਦੀ ਇਕ ਆਰਡੀਨੈਂਸ ਰਾਹੀਂ ਹੀ ਦਾਜ ਦਹੇਜ ਨੂੰ ਗੈਰ ਕਾਨੂੰਨੀ ਕਰਾਰ ਦਿਤਾ ਜਾਵੇ । ਇਹ ਹੀ ਇਸਤਰੀ ਵਰ੍ਹੇ ਵਿਚ ਇਸਤਰੀ ਜਾਤੀ ਹਿਤ ਸਭ ਤੋਂ ਯੋਗ ਕਦਮ ਹੋਵੇਗਾ ।

ਸਮੇ ਦੀ ਤੋਰ :

ਰੋੜੇ ਅਟਕ ਨਹੀਂ ਸਕਦੇ

ਗੁਰਬਖਸ਼ ਸਿੰਘ ਬਨੋਆਣਾ

ਹੁਣੇ ਹੁਣੇ ਸਾਡੀ ਦੁਨੀਆਂ ਨੇ ਸੰਯੁਕਤ ਰਾਸ਼ਟਰ ਦੀ ਤੀਹਵੀਂ ਵਰ੍ਹੇ-ਗੰਢ ਮਨਾਈ ਹੈ । ਇਤਿਹਾਸ ਵਿਚ ਤੀਹ ਸਾਲਾਂ ਨੂੰ ਐਵੇਂ ਨਾਂਅ-ਮਾਤਰ ਸਮਾਂ ਹੀ ਸਮਝਿਆ ਜਾਂਦਾ ਹੈ। ਪਰ ਪਿਛਲੇ ਤੀਹ ਸਾਲਾਂ ਵਿਚ ਏਨਾ ਕੁਝ ਹੋਇਆ ਹੈ, ਏਨਾ ਕੁਝ ਬਦਲਿਆ ਹੈ ਕਿ ਪਹਿਲੇ ਸਮਿਆਂ ਦੀਆਂ ਸਦੀਆਂ ਵੀ ਇਹਨਾਂ ਤਿੰਨ ਦਹਾਕਿਆਂ ਦਾ ਮੁਕਾਬਲਾ ਨਹੀਂ ਕਰ ਸਕਦੀਆਂ।

ਤੀਹ ਸਾਲ ਪਹਿਲਾਂ ਜਦੋਂ ਸੰਯੁਕਤ ਰਾਸ਼ਟਰ ਦੀ ਨੀਂਹ ਧਰੀ ਗਈ ਸੀ ਕੇਵਲ ਪੰਜਾਹ ਰਾਜ ਇਸ ਦੇ ਮੈਂਬਰ ਸਨ। ਅੱਜ ਜਦੋਂ ਇਹਨੇ ਆਪਣਾ ਤੀਹਵਾਂ ਜਨਮ ਦਿਨ ਮਨਾਇਆ ਹੈ ਇਸ ਦੇ ਮੈਂਬਰਾਂ ਦੀ ਗਿਣਤੀ 142 ਹੋ ਗਈ ਹੈ। ਇਸ ਦਾ ਪ੍ਰਿਥਮ ਕਾਰਨ ਇਸ ਵਿਚ ਉਹਨਾਂ ਅਫਰੀਕੀ ਤੇ ਏਸ਼ੀਆਈ ਰਾਜਾਂ ਦਾ ਪਰਵੇਸ਼ ਹੈ ਜਿਨ੍ਹਾਂ ਨੇ ਬਸਤੀਵਾਦੀ ਗੁਲਾਮੀ ਦੀਆਂ ਜ਼ੰਜੀਰਾਂ ਤੋੜ ਕੇ ਵਗਾਹ ਮਾਰੀਆਂ ਹਨ, ਜਿਹੜੇ ਦਰਿੜ੍ਹਤਾ ਨਾਲ ਆਜ਼ਾਦ ਵਿਕਾਸ ਦੇ ਰਾਹ ਪੈ ਗਏ ਹਨ। ਇਹਨਾਂ ਦੇਸ਼ਾਂ ਦੀ ਆਵਾਜ਼ ਇਕ ਜ਼ਬਰਦਸਤ ਸ਼ਕਤੀ ਬਣ ਗਈ ਹੈ—ਆਵਾਜ਼ ਜਿਹੜੀ ਕਿ ਮੁਖ ਤੌਰ ਤੇ ਸਾਮਰਾਜ ਵਿਰੁਧ ਉਠਦੀ ਹੈ, ਨਵ-ਬਸਤੀਵਾਦੀ ਲੁੱਟ-ਖੋਹ ਵਿਰੁਧ ਉਠਦੀ ਹੈ, ਪੂੰਜੀਵਾਦੀ ਜਗਤ ਤੇ ਵਿਕਾਸ-ਸ਼ੀਲ ਦੇਸ਼ਾਂ ਵਿਚਾਲੇ ਆਰਥਕ ਪਾੜੇ ਨੂੰ ਕਾਇਮ ਰਖਣ ਤੇ ਵਧਾਉਣ ਦੇ ਯਤਨਾਂ ਵਿਰੁਧ ਉਠਦੀ ਹੈ । ਕਦੇ ਇਸ ਕੌਮਾਂਤਰੀ ਫੋਰਮ ਉੱਤੇ ਸਾਮਰਾਜੀਆਂ ਦਾ ਗ਼ਲਬਾ ਸੀ ਅੱਜ ਇਸ ਫੋਰਮ ਵਿਚ ਸਾਮਰਾਜੀ ਨਿੱਤ ਛੰਡੇ ਜਾਂਦੇ ਹਨ, ਨਸਲਵਾਦ ਤੇ ਜ਼ਿਊਨਵਾਦ ਰੱਦੇ ਜਾਂਦੇ ਹਨ ; ਅਮਨ, ਅਜ਼ਾਦੀ ਤੇ ਵਿਕਾਸ਼ ਦੇ ਅਮਲ ਨੂੰ ਜਾਰੀ ਰਖਣ ਦੀ ਉਮੰਗ ਦੀਆਂ ਗੂੰਜਾਂ ਪੈਂਦੀਆਂ ਹਨ।

ਫ਼ਾਸ਼ੀਵਾਦ ਉੱਤੇ ਵਿਜੈ ਦੌਰਾਨ ਉਭਰੀ ਇਸ ਕੌਮਾਂਤਰੀ ਸੰਸਥਾ ਵਿਚ ਅਜ ਇਹ ਆਵਾਜ਼ ਉਚੀ ਹੋ ਰਹੀ ਹੈ ਕਿ ਬੜੀ ਮੁਬਾਰਕ ਗੱਲ ਹੈ ਕਿ ਮੁੜ ਤੀਜੀ ਸੰਸਾਰ ਜੰਗ ਨਹੀਂ ਭੜਕ ਸਕੀ। ਬੜਾ ਚੰਗਾ ਹੋਇਆ ਕਿ ਠੰਡੀ ਜੰਗ ਦਮ ਤੋੜ ਗਈ ਹੈ, ਬੜੀ ਵਧੀਆ ਗੱਲ ਹੈ ਕਿ ਸਿਆਸੀ ਦੇਤਾਂ ਨੇ ਪਿੜ ਮਲ ਲਿਆ ਹੈ, ਜਿਸ ਦੀ ਇਕ ਉਘੀ ਪਰਤੀਕ ਹੈਲਸਿੰਕੀ ਕਾਨਫਰੰਸ ਦੀ ਸਫਲਤਾ ਹੈ। ਹੁਣ ਸਿਆਸੀ 'ਦੇਤਾਂ' ਤੋਂ ਫ਼ੌਜੀ ਦੇਤਾਂ ਵਲ ਵੀ ਵਧਣਾ ਚਾਹੀਦਾ ਹੈ, ਹਥਿਆਰਾਂ ਦੀ ਦੌੜ ਖਤਮ ਹੋਣੀ ਚਾਹੀਦੀ ਹੈ, ਵਿਗਿਆਨ ਦੀਆਂ ਪਰਾਪਤੀਆਂ ਨਵੇਂ ਹੀਰੋਸ਼ੀਮਾ ਤੇ ਨਾਗਾਸਾਕੀ ਬਨਾਉਣ ਲਈ ਨਹੀਂ, ਮਨੁੱਖ ਦੀ ਸੇਵਾ ਲਈ ਵਰਤੀਆਂ ਜਾਣੀਆਂ ਚਾਹੀਦੀਆਂ ਹਨ।

ਅਸੀਂ ਉਪਰ ਸੰਯੁਕਤ ਰਾਸ਼ਟਰ ਦੇ ਮੈਂਬਰਾਂ ਦੀ ਗਿਣਤੀ 50 ਤੋਂ ਵਧ ਕੇ 142 ਹੋ ਜਾਣ ਦੀ ਗੱਲ ਕੀਤੀ ਹੈ। ਠੀਕ ਹੈ ਇਹ ਦੁਨੀਆਂ ਦੇ ਬਹੁਤ ਵੱਡੇ ਹਿੱਸੇ ਦੀ ਲਗ-ਪਗ ਸਾਰੀ ਦੁਨੀਆਂ ਦੀ ਪ੍ਰਤੀਨਿਧਤਾ ਕਰਦੀ ਹੈ ਪਰ ਸਾਰੀ ਦੀ ਸਾਰੀ ਮਨੁੱਖਤਾ ਦੀ ਨਹੀਂ । ਅਮਰੀਕਾ ਨੂੰ ਸੁਰਖਿਆ ਕੌਂਸਲ ਦਾ ਪੱਕਾ ਮੈਂਬਰ ਹੋਣ ਦੇ ਨਾਤੇ ਵੀਟੋ ਦਾ ਹੱਕ ਪ੍ਰਾਪਤ ਹੈ। ਉਸ ਨੇ ਇਸ ਹੱਕ ਨੂੰ ਵਰਤ ਕੇ ਸੰਗਰਾਮੀਏ ਵੀਅਤਨਾਮੀਆਂ ਨੂੰ ਸੰਯੁਕਤ ਰਾਸ਼ਟਰ ਵਿਚ ਆਪਣਾ ਹੱਕੀ ਥਾਂ ਮਲਣ ਤੋਂ ਰੋਕ ਰਖਿਆ ਹੈ ; ਪਰ ਇਸ ਦਾ ਇਹ ਮਤਲਬ ਨਹੀਂ ਕਿ ਅਮਰੀਕਾ ਦੀ ਆਵਾਜ਼ ਇਸ ਵਿਸ਼ਵ ਫੋਰਮ ਦੀ ਆਵਾਜ਼ ਬਣ ਗਈ ਹੈ। ਇਸ ਦੇ ਉਲਟ ਸੱਚ ਇਹ ਹੈ ਕਿ ਵਿਸ਼ਵ ਫੋਰਮ ਵੀਅਤਨਾਮ ਨਾਲ ਖਲੋਤਾ ਹੈ ਤੇ ਅਮਰੀਕੀ ਵੀਟੋ ਇਕਲੀ ਰਹਿ ਗਈ। ਉਹ ਦਿਨ ਦੂਰ ਨਹੀਂ ਜਦੋਂ ਵੀਅਤਨਾਮ ਆਪਣੀ ਥਾਂ ਮੱਲ ਲਵੇਗਾ।

ਇਥੇ ਹੀ ਬਸਤੀਵਾਦ ਦੇ ਢਹਿ ਢੇਰੀ ਹੋਣ ਬਾਰੇ, ਉਸ ਅਮਲ ਬਾਰੇ, ਜਿਹੜਾ ਸੰਯੁਕਤ ਰਾਸ਼ਟਰ ਦੇ ਏਨਾ ਵਿਸ਼ਾਲ ਫੋਰਮ ਬਨਣ ਦਾ ਕਾਰਨ ਬਣਿਆ, ਇਕ ਹੋਰ ਗਲ ਵੀ ਲਦੀਏ ਅਤੇ ਇਹ ਗਲ ਇਹ ਹੈ ਕਿ ਜਿਥੇ ਬਸਤੀਵਾਦੀ ਗਲਬੇ ਦਾ ਦੌਰ ਮੁਖ ਤੌਰ ਤੇ ਖਤਮ ਹੋ ਗਿਆ ਹੈ। ਆਖਰੀ ਬਸਤੀਵਾਦੀ ਸਲਤਨਤ ਦੀਆਂ ਲਗ ਭਗ ਸਾਰੀਆਂ ਬਸਤੀਆਂ ਹੀ ਉਸ ਤੋਂ ਆਜ਼ਾਦ ਨਹੀਂ ਹੋ ਗਈਆਂ ਸਗੋਂ ਦੂਜੇ ਦੇਸ਼ ਨੂੰ ਬਸਤੀਆਂ ਬਣਾ ਕੇ ਰਖਣ ਵਾਲਾ ਪੁਰਤਗਾਲੀ ਸ਼ਾਸਨ ਵੀ ਸਮਾਪਤ ਹੋ ਗਿਆ ਹੈ।

ਜਿਹੜੇ ਹਾਲਾਤ ਵਿਚ ਫਾਸ਼ੀਵਾਦ ਉਤੇ ਵਿਜੈ ਦੌਰਾਨ ਸੰਯੁਕਤ ਰਾਸ਼ਟਰ ਦੀ ਨੀਂਹ ਰਖੀ ਗਈ ਸੀ ਐਨ ਉਹਨਾਂ ਹੀ ਹਾਲਾਤਾਂ ਵਿਚ ਸੰਸਾਰ ਸੋਸ਼ਲਿਸਟ ਪ੍ਰਬੰਧ ਵੀ ਹੋਂਦ ਵਿਚ ਆਇਆ ਸੀ। ਅਜ ਤਿੰਨ ਮਹਾਂ ਦੀਪਾਂ ਵਿੱਚ ਕਿਊਬਾ ਦੇ ਗਣਰਾਜ ਤੋਂ ਲੈ ਕੇ ਵੀਅਤਨਾਮ ਦੇ ਜਮਹੂਰੀ ਗਣਰਾਜ ਤਕ ਕਿੰਨੇ ਹੀ ਦੇਸ਼ਾਂ ਵਿਚ ਲੋਕ ਸੋਸ਼ਲਿਸਟ ਰਾਜਾਂ ਵਿਚ ਰਹਿ ਰਹੇ ਹਨ। ਸਫਲਤਾ ਸਹਿਤ ਇਕ ਨਵਾਂ ਸਮਾਜ ਉਸਾਰ ਰਹੇ ਹਨ। ਹੁਣੇ ਹੁਣੇ ਸੋਸ਼ਲਿਸਟ ਦੇਸ਼ਾਂ ਦੀ ਪ੍ਰਸਪਰ ਆਰਥਿਕ ਸਹਾਇਤਾ ਦੀ ਕੌਂਸਲ ਆਪਣੀ ਪੰਝੀਵੀਂ ਵਰ੍ਹੇ ਗੰਢ ਮਨਾ

ਕੇ ਹਟੀ ਹੈ। ਅਜ ਸੋਸ਼ਲਿਸਟ ਰਾਜਾਂ ਦੀ ਇਹ ਕੌਂਸਲ ਸਭ ਤੋਂ ਵਡਾ ਆਰਥਕ ਅੰਤਰਰਾਜੀ ਭਾਈਚਾਰਾ ਹੈ ਜਿਹੜਾ ਯੂਰਪ ਤੇ ਏਸ਼ੀਆ ਦੇ ਮਹਾਂਦੀਪਾਂ ਨੂੰ ਆਪਣੀ ਵਲਗਣ ਤੇ ਲਗ ਭਗ 37 ਕਰੋੜ ਲੋਕਾਂ ਨੂੰ ਅਪਣੇ ਘੇਰੇ ਵਿਚ ਲੈਂਦਾ ਹੈ। ਪਿਛਲੇ ਤੀਹ ਸਾਲਾਂ ਦੇ ਦੌਰਾਨ ਸੋਸ਼ਲਿਸਟ ਸੰਸਾਰ ਇਕ ਮਹਾਨ ਸ਼ਕਤੀ ਵਜੋਂ ਉਭਰਿਆ ਹੈ। ਇਕ ਆਜਹੀ ਸ਼ਕਤੀ ਵਜੋਂ ਜੇਹੜਾ ਹਰ ਉਸ ਦਾ ਨੇਕ ਸੰਗੀ ਸਾਥੀ ਤੇ ਇਤਹਾਦੀ ਹੈ, ਜਿਹੜਾ ਆਜ਼ਾਦ ਹੋਣਾ ਚਾਹੁੰਦਾ ਹੈ, ਆਜ਼ਾਦ ਰਹਿਣਾ ਚਾਹੁੰਦਾ ਹੈ ਤੇ ਆਜ਼ਾਦੀ ਨਾਲ ਤਰਕੀ ਕਰਨੀ ਕਰਣਾ ਚਾਹੁੰਦਾ ਹੈ। ਇਸ ਸੰਸਾਰ ਦੀਆਂ ਸਫਲਤਾਵਾਂ ਵਿਸ਼ਾਲ ਨਵ ਉਮਰ ਅਤੇ ਵਿਕਾਸ਼ਸ਼ੀਲ ਦੇਸ਼ਾਂ ਨੂੰ ਸੋਸ਼ਲਿਜ਼ਮ ਦੇ ਰਾਹ ਤੇ ਪੈਣ ਲਈ ਪਰੇਰ ਰਹੀਆਂ ਹਨ। ਇਕ ਨਵਾਂ ਖਿੱਤਾ ਉਹਨਾਂ ਦੇਸ਼ਾਂ ਦਾ ਉਭਰ ਆਇਆ ਹੈ ਜਿਨ੍ਹਾਂ ਨੇ ਗੈਰ ਸਰਮਾਏਦਾਰੀ ਰੁਖ ਨੂੰ, ਸਮਾਜਵਾਦੀ ਰੁਖ ਨੂੰ ਅਪਣਾ ਲਿਆ ਹੈ ਤੇ ਜਾਂ ਫਿਰ ਸੋਸ਼ਲਿਜ਼ਮ ਨੂੰ, ਅਪਣਾ ਦਾਈਆ ਕਰਾਰ ਦੇ ਦਿਤਾ ਹੈ।

ਐਨ ਏਸੇ ਸਾਲ ਜਦੋਂ ਦੁਨੀਆਂ ਨੇ ਫਾਸ਼ੀਵਾਦ ਉਤੇ ਜਿਤ ਦੀ ਸੰਯੁਕਤ ਰਾਸ਼ਟਰ ਦੀ ਸਥਾਪਨਾ ਦੀ, ਸੋਸ਼ਲਿਜ਼ਮ ਦੇ ਨੰਬਰ ਇਕ ਪ੍ਰਬੰਧ ਵਜੋਂ ਹੋਂਦ ਵਿਚ ਆਉਣ ਦੀ 30ਵੀਂ ਵਰ੍ਹੇ ਗੰਢ ਮਨਾਈ ਹੈ, ਇਕ ਹੋਰ ਵਰੇਗੰਢ ਵੀ ਧਿਆਨ ਖਿਚਦੀ ਹੈ। ਇਹ ਹੈ ਪੂੰਜੀਵਾਦੀ ਸੰਸਾਰ ਦੇ ਸੰਕਟ ਚਕਰਾਂ ਦੀ ਇਕ ਸੌ ਪੰਜਾਵੀਂ ਵਰ੍ਹੇਗੰਢ। 1825 ਵਿਚ ਸੰਕਟਾਂ ਦੇ ਚੱਕਰ ਵਿਚੋਂ ਪਹਿਲੇ ਸੰਕਟ ਨੇ ਬਰਤਾਨੀਆਂ ਨੂੰ, 'ਸੰਸਾਰ ਦੀ ਵਰਕਸ਼ਾਪ ਨੂੰ ਘੇਰਿਆ ਸੀ ਤੇ ਬਸ ਫਰ ਇਹ ਸੰਕਟ ਉਸ ਨਜ਼ਾਮ ਦਾ ਅਣਖਿੜਵਾਂ ਅੰਗ ਹੀ ਬਣ ਗਏ। ਅਜ ਇਹ ਪੂਰੇ ਦਾ ਪੂਰਾ ਨਜ਼ਾਮ ਸਦਾ ਨਾਲੋਂ ਵਧ ਡੂੰਘੇ ਤੇ ਚੌੜੇ ਸੰਕਟਾਂ ਦੀ ਲਪੇਟ ਵਿਚ ਹੈ। ਸਿਕੇ ਦਾ ਫ਼ੈਲਾਅ, ਬੇਰੁਜ਼ਗਾਰੀ, ਕੀਮਤਾਂ ਵਿਚ ਚੜ੍ਹਾ, ਆਦਿ ਗਲਾਂ ਇਸ ਨੂੰ ਅਸਾਧ ਰੋਗ ਬਣਕੇ ਚੰਬੜ ਗਈਆਂ ਹਨ ਇਸ ਜਗਤ ਦੇ ਸੁਆਮੀ ਆਪਣਾ ਭਾਰ ਮੇਹਨਤ ਕਰਨ ਵਲੇ ਲੋਕਾਂ ਤੇ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਪੂੰਜੀ-ਵਾਦੀ ਜਗਤ ਦੇ ਕਬਰਪੁਟ ਵੀ ਉਹਨਾਂ ਦੇ ਭਾਣੇ ਨੂੰ ਰੱਬ ਦਾ ਭਾਣਾ ਮੰਨਣ ਨੂੰ ਤਿਆਰ ਨਹੀਂ। ਇਕਲੇ ਅਮਰੀਕਾ ਵਿਚ ਜੇ 1973 ਵਿਚ 5353 ਹੜਤਾਲਾਂ ਹੋਈਆਂ ਸਨ ਤਾਂ ਅਜ ਉਹਨਾਂ ਦੀ ਗਿਣਤੀ 5900 ਹੋ ਗਈ ਹੈ। ਹੜ-ਤਾਲੀਆਂ ਦੀ ਗਿਣਤੀ ਬਾਈ ਲਖ ਤੋਂ ਵਧ ਕੇ ਸਤਾਈ ਲਖ ਤਕ ਜਾ ਪੁਜੀ ਹੈ। ਇਸ ਮੌਕੇ ਤੇ ਇਹ ਗਲ ਨੋਟ ਕਰਨੀ ਵੀ ਬੜੀ ਮਹੱਤਵ ਪੂਰਨ ਹੈ ਕਿ ਜਿਥੇ ਉਪਰ ਦਸੀਆਂ ਇਤਿ-ਹਾਸਕ ਘਟਨਾਵਾਂ ਦੀ ਤੀਹਵੀਂ ਵਰ੍ਹੇਗੰਢ ਇਨ੍ਹੀ ਦਿਨੀਂ ਮਨਾਈ ਗਈ ਹੈ ਉਥੇ ਐਨ ਇਹਨੀ ਦਿਨੀਂ ਹੀ ਮਜ਼ਦੂਰਾਂ ਦੀ ਸੰਸਾਰ ਜਥੇਬੰਦੀ ਟਰੇਡ ਯੂਨੀਅਨਾਂ ਦੀ ਸੰਸਾਰ ਫੇਡਰੇਸ਼ਨ ਦੀ ਤੀਹਵੀਂ ਵਰ੍ਹੇਗੰਢ ਵੀ ਮਨਾਈ ਗਈ ਹੈ। ਇਹ ਕਿੰਨੀ ਵਿਸ਼ਾਲ ਸ਼ਕਤੀ ਬਣ ਚੁਕੀ ਹੈ ਉਸ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਗ ਜਾਂਦਾ ਹੈ ਕਿ ਜਿਥੇ ਇਸ ਦੇ ਜਨਮ ਵੇਲੇ ਛੇ ਕਰੋੜ ਪੰਜੀ ਲਖ ਮੈਂਬਰ ਸਨ ਅਜ ਉਹਨਾਂ ਦੀ ਗਿਣਤੀ ਸੋਲਾਂ ਕਰੋੜ ਹੋ ਗਈ ਹੈ।

ਪਰ ਦੂਜਿਆਂ ਦੇ ਖੂਨ ਤੇ ਪਲਣ ਵਾਲੀਆਂ ਜੋਕਾਂ ਹਾਂਈ ਮਾਈਂ ਖਹਿੜਾ ਨਹੀਂ ਛਡਦੀਆਂ। ਜ਼ਰਾ ਵੇਖੋ ਫਰਾਂਕੋ ਅੜੀਆਂ ਰਗੜ ਰਗੜ ਕੇ ਮਰ ਰਿਹਾ ਹੈ ਪਰ ਤਾਕਤ ਛਡਣ ਦਾ ਨਾਮ ਨਹੀਂ ਲੈਂਦਾ ਬੰਗਾ ਬੰਧੂ ਦੇ ਕਾਤਲ ਲੋਕਾਂ ਵਲੋਂ ਮਿਲਵਰਤਣ ਨਾ ਮਿਲਣ ਤੇ ਅਪਣੀ ਮੌਤ ਵਲ ਵਧ ਰਹੇ ਹਨ। ਚਿੱਲੀ ਦੀ ਫੌਜੀ ਜੁੰਡਲੀ ਅੰਨ੍ਹੀ ਅਮਰੀਕੀ ਸਹਾਇਤਾ ਦੇ ਬਾਵਜੂਦ ਵੀ ਸਥਿਰ ਨਹੀਂ ਹੈ। ਇਹ ਜੋਕਾਂ ਇਕ ਪਾਸੇ ਹਾਰ ਤੇ ਹਾਰ ਖਾ ਰਹੀਆਂ ਹਨ ਦੂਜੇ ਪਾਸੇ ਆਪਣੇ ਆਪ ਨੂੰ ਕਾਇਮ ਰਖਣ ਲਈ ਹਥ ਪੈਰ ਮਾਰ ਰਹੀਆਂ ਹਨ—ਚਾਲਾਂ ਕੁਚਾਲਾਂ ਚਲ ਰਹੀਆਂ ਹਨ, ਸਾਜ਼ਸ਼ਾਂ ਕਰ ਰਹੀਆਂ ਹਨ ਆਪਣੇ ਪਿਠੂਆਂ ਨੂੰ ਸਰਕਾਰ ਬਨਾਣ ਲਈ ਵਾਹ ਲਾ ਰਹੀਆਂ ਹਨ, ਪਰ ਇਤਿ-ਹਾਸ ਇਹਨਾਂ ਨਾਲ ਨਹੀਂ। ਉਹ ਤਕੋ ਵੀਤਨਾਮ; ਕੰਬੋਡੀਆ ਤੇ ਲਾਓਸ ਵਿਚ ਦੇਸ਼ ਭਗਤ ਇਨਕਲਾਬੀਆਂ ਦੀ ਜਿਤ ਤੋਂ ਪਿਛੋਂ ਸੀਟੋ ਵੀ ਦਮਤੋੜ ਗਈ ਹੈ। ਠੀਕ ਹੈ ਕਿਤੇ ਕਿਤੇ ਲੋਕ ਸ਼ਕਤੀਆਂ ਨੂੰ ਸਟ ਵੀ ਵਜਦੀ ਹੈ, ਚਿੱਲੀ ਵਿਚ ਵਜੀ ਹੈ, ਬੰਗਲਾ ਦੇਸ਼ ਵਿਚ ਵਜੀ ਹੈ ਪਰ ਇਹ ਸਟਾਂ ਸਮੇਂ ਦਾ ਮੁਖ ਧਾਰਾ ਨਹੀਂ ਬਣਦੀਆਂ। ਸਮੇਂ ਦੇ ਰੋਂ ਦੀ ਨਿਸ਼ਾਨਦਈ ਸੋਸ਼ਲਿਸਟ ਸੰਸਾਰ ਦੀ ਵਧਦੀ ਸ਼ਕਤੀ, ਵੀਅਤਨਾਮ ਲਾਓਸ ਤੇ ਕੰਬੋਡੀਆ ਵਿਚ ਦੇਸ਼ ਭਗਤਾਂ ਦੀ ਫ਼ਤਹਿ, ਹਿੰਦੁਸਤਾਨ ਵਿਚ ਐਮਰਜੈਂਸੀ ਦੇ ਐਲਾਨ ਤੇ ਉਸ ਤੋਂ ਪਿਛੋਂ ਪਿਛਾ-ਖੜ ਉਤੇ ਪਈਆਂ ਸਟਾਂ, ਪੁਰਤਗਾਲ ਵਿਚ ਫ਼ਾਸ਼ੀਵਾਦੀਆਂ ਦੇ ਮੁੜ ਤਾਕਤ ਸੰਭਾਲਣ ਦੇ ਯਤਨਾਂ ਵਿਰੁਧ ਮਿਹਨਤੀ ਜਨਤਾ ਦੇ ਉਭਾਰ, ਸਪੇਨ ਵਿਚ ਫਰਾਂਕੋ, ਦੀ ਦਹਿਸ਼ਤ ਵਿਰੁਧ ਚੜ੍ਹਦੀ ਲੋਕਾਂ ਦੀ ਕਾਂਘ, ਨਿਰਲੇਪ ਦੇਸ਼ਾਂ ਦੀਆਂ ਅਲਜੀਅਰਜ਼ ਤੇ ਲੀਮਾ ਕਾਨਫਰੰਸਾਂ, ਅਰਬ ਸੰਸਾਰ ਵਿਚ ਸੈਨਾਈ ਸਮਝੌਤੇ ਵਿਰੁਧ ਉਠੇ ਰੋਹ, ਫਰਾਂਸ ਇਟਲੀ ਅਮਰੀਕਾ ਬਰਤਾਨੀਆਂ ਆਦਿ ਪੂੰਜੀਵਾਦੀ ਦੇਸ਼ਾਂ ਵਿਚ ਮਜ਼ਦੂਰ ਜਮਾਤ ਦੀਆਂ ਲੜਾਈਆਂ ਤੇ ਸੀਟੋ ਦਾ ਅਪਣੀ ਮੌਤੇ ਮਰਨਾ ਆਦਿ ਘਟਨਾਵਾਂ ਹੀ ਕਰਦੀਆਂ ਹਨ।

ਅਜ ਮਾਨਵਤਾ ਦੁਖਾਂ ਕਲੇਸ਼ਾਂ ਤੋਂ ਮੁਕਤ ਹੋ ਕੇ ਆਪਣੀ ਬਸੰਤ ਵਲ ਵਧ ਰਹੀ ਹੈ। ਇਹ ਇਕ ਅਜਿਹਾ ਅਮਲ ਹੈ ਜਿਸ ਦੇ ਰਾਹ ਵਿਚ ਰੋੜੇ ਤਾਂ ਖੜੇ ਕੀਤੇ ਜਾ ਸਕਦੇ ਹਨ ਪਰ ਜਿਸ ਨੂੰ ਪਿਛੇ ਨੂੰ ਮੋੜਿਆ ਨਹੀਂ ਜਾ ਸਕਦਾ। ●

ਗੁਰੂ ਨਾਨਕ ਦੇਵ ਜੀ

— ਜਗਦੀਸ਼ ਸਿਘ

ਇਸ ਸ੍ਰਿਸ਼ਟੀ ਤੇ ਵੱਖ ਵੱਖ ਸਮੇਂ ਅਨੇਕਾਂ ਮਹਾਨ ਪੁਰਖ ਆਏ ਹਨ ਅਤੇ ਅਪਣੀ ਅਪਣੀ ਅਮਿਟ ਛਾਪ ਇਤਿਹਾਸ ਦੇ ਪੰਨਿਆਂ ਤੇ ਛੱਡਦੇ ਹੋਏ ਮਾਨੁਖਤਾ ਦੀ ਅਗਵਾਈ ਕਰਦੇ ਰਹੇ ਹਨ। ਆਪ ਔਖਿਆਂ ਘਾਲਾਂ ਘਾਲ ਕੇ, ਤਸੀਹੇ ਝੱਲ ਕੇ ਅਤੇ ਹਰ ਪ੍ਰਕਾਰ ਦੇ ਜਫਰ ਜਾਨ ਕੇ ਉਹਨਾਂ ਲੋਕਾਈ ਦੇ ਸੁਖ ਸ਼ਾਂਤੀ ਅਤੇ ਪ੍ਰਗਤੀ ਦਾ ਮਾਰਗ ਰੁਸ਼ਨਾਇਆ ਹੈ।

ਨਵੀਨ ਸਮਿਆਂ ਵਿਚ ਗੁਰੂ ਨਾਨਕ ਦੇਵ ਜੀ ਦਾ ਆਗਮਨ ਯੁਗ ਪਲਟਾਊ ਘਟਨਾ ਹੈ। ਉਹਨਾਂ ਦੀ ਸਾਰੀ ਜ਼ਿੰਦਗੀ ਅਤੇ ਅਸਲੀ ਜੀਵਨ ਚੋਂ ਨਿਕਲੀਆਂ ਸਿਖਿਆਵਾਂ ਸਾਰੀ ਦੁਨੀਆਂ ਦੇ ਲੋਕਾਂ ਲਈ ਚਾਨਣ ਮੁਨਾਰੇ ਦਾ ਕੰਮ ਦੇ ਰਹੀਆਂ ਹਨ। ਪਿਛਲੀਆਂ ਦੋ ਚਾਰ ਸਦੀਆਂ ਵਿਚ ਸਾਡੇ ਦੇਸ਼ ਦੇ ਵੱਖ ਵੱਖ ਖੇਤਰਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਕੁਬੇਰੀ ਸ਼ਖਸੀਅਤ ਅਤੇ ਸਿਖਿਆ ਦਾ ਪ੍ਰਭਾਵ ਪ੍ਰਤੱਖ ਹੈ। ਉਹਨਾਂ ਸਮੇਂ ਦੀ ਅਮੋਘ ਧਾਰਾ ਨੂੰ ਬਦਲ ਕੇ ਰੱਖ ਦਿਤਾ ਹੈ, ਜੇ ਗੁਰੂ ਸਾਹਿਬ ਦੀ ਬਾਣੀ ਨੂੰ ਗਹੁ ਨਾਲ ਵਿਚਾਰੀਏ ਤਾਂ ਇਹ ਤੱਥ ਸਪਸ਼ਟ ਰੂਪ ਵਿਚ ਸਾਹਮਣੇ ਆਉਂਦਾ ਹੈ ਕਿ ਜਿੱਥੇ ਆਪ ਅਮਨ ਅਤੇ ਸਾਂਝੀ ਵਾਲਤਾ ਦੇ ਅਵਤਾਰ ਹੋਏ ਹਨ ਉਥੇ ਗਰੀਬ ਨਿਤਾਣਿਆਂ ਅਤੇ ਕਿਰਤੀਆਂ ਦੇ ਹੱਕਾਂ ਦੇ ਰਾਹਨੁਮਾ ਵੀ ਹੋਏ ਹਨ।

ਭਾਰਤ ਧਰਮ ਪਰਾਇਣ ਦੇਸ਼ ਹੈ ਅਤੇ ਹਜ਼ਾਰਾਂ ਸਾਲਾਂ ਤੋਂ ਇਥੇ ਅਨੇਕਾਂ ਮੱਤ ਮਤਾਂਤਰ ਵਧੇ ਫੁੱਲੇ ਹਨ। ਇਹ ਵੇਦਾਂ, ਪੁਰਾਣਾਂ ਸ਼ਾਸਤਰਾਂ, ਉਪਨਿਸ਼ਦਾਂ, ਰਾਮਾਇਣ ਅਤੇ ਗੀਤਾ ਦਾ ਦੇਸ਼ ਹੈ। ਇਥੇ ਸਭਿਅਤਾ, ਨੇ ਬਹੁਤ ਪ੍ਰਾਚੀਨ ਸਮੇਂ ਤੋਂ ਹੀ ਅੱਖਾਂ ਖੋਲੀਆਂ। ਸਾਹਿਤ, ਸਭਿਆਚਾਰ, ਗਿਆਨ ਵਿਗਿਆਨ ਨੇ ਇਥੇ ਉਨਤੀ ਦੀਆਂ ਸਿਖਰਾਂ ਛੋਹੀਆਂ। ਏਥੋਂ ਦੇ ਲੋਕਾਂ ਨੇ ਐਸ਼ਵਰਜ਼ ਦੀਆਂ ਉਚੀਆਂ ਉਡਾਰੀਆਂ ਵੀ ਲਾਈਆਂ ਅਤੇ ਰਸਾਤਲ ਦੇ ਡੂੰਘੇ ਖੂਹਾਂ ਵਿਚ ਵੀ ਦਬੇ ਰਹੇ। ਇਸ ਦੇਸ਼ ਨੇ ਸਾਰੀ ਦੁਨਿਆਂ ਨੂੰ ਰੂਹਾਨੀਅਤ ਅਤੇ ਜਾਗ੍ਰਿਤੀ ਦਾ ਉਪਦੇਸ਼ ਵੀ ਦਿਤਾ ਅਤੇ ਜਹਾਲਤ ਦੀ ਕਾਲੀ ਬੋਲੀ ਰਾਤ ਵਿਚੋਂ ਵੀ ਲੰਘਿਆ ਹੈ।

ਅਕੀਦੇ, ਰਹੁ ਰੀਤਾਂ, ਰਹਿਣ ਬਹਿਣ, ਮਰਯਾਦਾ ਅਤੇ ਬੋਲ ਚਲਨ ਦੇ ਪਖੋਂ ਇਥੇ ਅਨੇਕਾਂ ਮਜ਼ਹਬ, ਫਿਰਕੇ ਬਰਾਦਰੀਆਂ, ਕਬੀਲੇ ਅਤੇ ਕੁਲਾਂ ਬਣੀਆਂ ਅਤੇ ਫਿਰ ਆਪਸੀ ਈਰਖਾ ਦੇ ਫਲ-ਸਰੂਪ ਵਦੇਸ਼ੀ ਹਕੂਮਤਾਂ ਦੇ ਜੂਲੇ ਹੇਠ ਆਉਣ ਕਰਕੇ ਵਖੇਪਤਾ ਨੇ ਹੋਰ ਵੀ ਉਗਰ ਰੂਪ ਧਾਰਿਆ, ਅਤੇ ਫਿਰ ਸ਼ਾਂਤੀ ਅਤੇ ਅਹਿੰਸਾ ਦਾ ਝੰਡਾ ਬਰਦਾਰ ਦੇਸ਼, ਵਹਿਮਾਂ, ਭਰਮਾਂ ਧਾਰਮਿਕ ਲੁਟ ਘਸੁਟ, ਈਰਖਾ ਅਤੇ ਦਵੈਸ਼ ਦੀ ਅੱਗ ਵਿਚ ਲਟ ਲਟ ਬਲ ਉਠਿਆ ਅਤੇ ਅਗਿਆਨਤਾ ਦਾ ਧੁੰਧੂਕਾਰ ਵਰਤ ਗਿਆ।

ਇਥੇ ਮੰਦਰਾਂ, ਮਸੀਤਾਂ, ਧਰਮਾਚਾਰੀਆਂ ਮੁਲਾਂ ਪਾਂਧਿਆਂ ਤੇ ਨਾਥਾਂ ਦੀ ਘਾਟ ਨਹੀਂ ਸੀ, ਕੇਵਲ ਇਕੋ ਇਕ ਘਾਟ ਸੀ ਸਚਾਈ ਦੀ ਜੋ ਖੰਭ ਲਾ ਕੇ ਅਲੋਪ ਹੋ ਗਈ ਜਾਪਦੀ ਸੀ। ਗੁਰੂ ਨਾਨਕ ਜੀ ਦੀ ਆਮਦ ਨੇ ਇਸੇ ਹੀ ਕੂੜ ਜਾਲ ਨੂੰ ਖਤਮ ਕੀਤਾ। ਇਕੋ ਸਤਰ ਵਿਚ ਭਾਈ ਗੁਰਦਾਸ ਨੇ ਇਸ ਘਟਨਾ ਨੂੰ ਵਿਆਖਦਿਆਂ ਆਖਿਆ ਹੈ ਕਿ :—

"ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧ ਜਗ ਚਾਨਣ ਹੋਇਆ"

ਗੁਰੂ ਨਾਨਕ ਦੇਵ ਜੀ ਦੀ ਇਹ ਦੈਵੀ ਸ਼ਕਤੀ, ਬੁਧੀ ਪ੍ਰਬੀਨਤਾ ਜਾਂ ਤੀਖਨਤਾ ਸੀ ਕਿ ਉਹਨਾਂ ਦੇ ਤਰਕ ਨੇ ਤਾਂ ਬਚਪਨ ਵਿਚ ਹੀ ਸਭ ਨੂੰ ਹੈਰਾਨ ਅਤੇ ਪ੍ਰਭਾਵਿਤ ਕੀਤਾ। ਪਿਤਾ ਜੀ ਨੇ ਬਥੇਰਾ ਜ਼ੋਰ ਲਾਇਆ ਕਿ ਨਾਨਕ ਸਫਲ ਕਾਰੋਬਾਰੀ ਬਣੇ ਪਰ ਗੁਰੂ ਨਾਨਕ ਦੀ ਨਜ਼ਰ ਇਸ ਦਿੱਸਹਦੇ ਤੋਂ ਪਾਰ ਵੇਖ ਰਹੀ ਸੀ। ਉਸ ਦਾ ਕਾਰਜ ਖੇਤਰ ਅਸੀਮ ਸੀ ਗੁਰੂ ਨਾਨਕ ਦੀ ਆਤਮਾ ਦਰਦ ਮੰਦਾਂ ਦੀਆਂ ਆਹੀਂ ਸੁਣ ਰਹੀ ਸੀ। ਇਸ ਸੰਸਾਰ ਦੇ ਦੁਖੜੇ ਵੇਖ ਗੁਰੂ ਨਾਨਕ ਜੀ ਨੇ ਇਸ ਤੋਂ ਉਪਰਾਮਤਾ ਨਹੀਂ ਵਖਾਈ, ਇਸ ਨੂੰ ਤਿਆਗ ਕੇ ਦੌੜਨ ਦਾ ਯਤਨ ਨਹੀਂ ਕੀਤਾ ਸਗੋਂ ਆਪਣੇ ਜੀਵਨ ਨੂੰ ਆਪਣੀਆਂ ਦੈਵੀ ਤੇ ਦਨਿਆਵੀ ਸ਼ਕਤੀਆਂ, ਭਗਤੀਆਂ, ਕਲਾਵਾਂ, ਕਵਿਤਾ ਅਤੇ ਸੰਗੀਤ ਸਹਿਤ ਪਾਪ ਗਿਰਾਸੀ ਪ੍ਰਿਥਵੀ ਨੂੰ ਨਜਾਤ ਦਿਲਾਉਣ ਲਈ ਨਵੀਂ ਜੰਗ ਵਿਚ ਝੋਕ ਦਿਤਾ ਅਤੇ ਫੇਰ ਧਰਤ ਲੋਕਾਈ ਨੂੰ ਸੋਧਣ ਵਾਸਤੇ ਬਾਬਾ ਬਾਲੇ ਮਰਦਾਨੇ ਨੂੰ ਨਾਲ ਲੈ ਕੇ ਸੰਸਾਰ ਰਟਨ ਤੇ ਚੜ ਪਿਆ।

ਅਤੇ ਫੇਰ ਉਸ ਨਾ ਵੇਖਿਆ ਰਾਤ ਤੇ ਨਾ ਵੇਖਿਆ ਦਿਨ ਨਾ ਖਾਣ ਦਾ ਫਿਕਰ ਨਾ ਸੌਣ ਦਾ, ਰੋੜਾਂ ਦੇ ਵਿਛਾਉਣਿਆਂ ਤੇ ਸੌਂ ਕੇ ਅਤੇ ਘਾਹ ਰੇਤ ਦਾ ਆਹਾਰ ਕਰ ਕਰ ਕੇ ਲੰਕਾਂ ਤੋਂ ਮਾਨਸਰੋਵਰ ਤੇ ਹਿਮਾਲੀਆਂ ਦੀਆਂ ਗੁਫਾਵਾਂ ਉਧਰੋਂ ਆਸਾਮ ਤੋਂ ਲੈ ਕੇ ਮਕੇ ਮਦੀਨੇ ਤਕ ਬਾਬਾ ਚੌਹੁ ਕੂੰਟਾਂ ਵਿਚ ਘੁਮਿਆ। ਸਾਰੇ ਵਡੇ ਧਰਮ ਅਸਥਾਨਾਂ ਤੇ ਖੁਦ ਜਾ ਕੇ ਸਚ ਦੇ ਚਾਨਣ ਦਾ ਪ੍ਰਕਾਸ਼ ਕੀਤਾ। ਇਸ ਸੰਸਾਰ ਜਾਤਰਾ ਸਮੇਂ ਬਾਬੇ ਨੂੰ ਭਾਈ ਲਾਲੋ ਵਰਗੇ ਕਿਰਤੀ ਸੇਵਕ

ਮਿਲੇ. ਬਾਬਰ ਜਿਹੇ ਹਮਲਆਵਰੀ ਸੁਲਤਾਨ, ਗੋਰਖ ਅਤੇ ਮਛੰਦਰ ਜਿਹੇ ਨਾਥ, ਕੌਡੇ ਵਰਗੇ ਮਾਸ ਖੋਰੇ ਰਾਖਸ਼, ਸਜਣ ਵਰਗੇ ਠੱਗ, ਵਲੀ ਕੰਧਾਰੀ ਜਿਹੇ ਹੰਕਾਰੀ, ਮਕੇ ਦੇ ਨਿਮਾਜ਼ੀ, ਹਰਦੁਆਰ ਦੇ ਪਾਂਡੇ, ਕਾਮਰੂਪ ਦੀਆਂ ਸੁੰਦਰੀਆਂ ਤੇ ਬੰਗਾਲ ਦੀਆਂ ਜਾਦੂਗਰਨੀਆਂ, ਕਾਰੂੰ ਜਿਹੇ ਧਨ ਕੁਬੇਰ ਕੰਜੂਸ, ਮੁਲਤਾਨ ਦੇ ਫਕੀਰ ਸਭ ਵਰਗਾਂ ਤੇ ਸ਼ਰੇਣੀਆਂ ਨਾਲ ਬਾਬੇ ਦਾ ਵਾਹ ਪਿਆ। ਸਭ ਥਾਂਈ ਗੁਰੂ ਨਾਨਕ ਦੇ ਨਾਮ ਦੀ ਧਾਂਕ ਬੈਠ ਗਈ। ਗੁਰੂ ਨਾਠਕ ਦਾ ਸਤਿਨਾਮ ਦਾ ਉਪਦੇਸ਼ ਅਤੇ ਸਾਂਝੀਵਾਲਤਾ ਦੀ ਦੋਹੀ ਫਿਰ ਗਈ।

ਐਸੀ ਸਰਬ ਸਾਂਝੀ ਸ਼ਖਸੀਅਤ ਪਾਸੋਂ ਸੁਆਲ ਪੁਛਿਆ ਗਿਆ ਕਿ ਹਿੰਦੂ ਵਡਾ ਹੈ ਕਿ ਮੁਸਲਮਾਨ ?

ਗੁਰੂ ਨਾਨਕ ਨੇ ਉਤਰ ਦਿਤਾ ਕਿ ਦੁਨੀਆਂ ਐਵੇਂ ਭੁਲੀ ਫਿਰਦੀ ਹੈ ਬਗੈਰ ਠੀਕ ਅਮਲਾਂ ਦੇ ਪਰਮਾਤਮਾ ਦੀ ਦਰਗਾਹ ਅੰਦਰ ਢੋਈ ਨਹੀਂ ਮਿਲੇਗੀ।

"ਬਾਬਾ ਆਖੇ ਹਾਜੀਆ ਸੁਭਿ ਅਮਲਾਂ ਬਾਝੋਂ ਦੋਨੋਂ ਰੋਈ"

ਗੁਰੂ ਜੀ ਨੇ ਬਹੁਤ ਨਾਟਕੀ ਢੰਗ ਨਾਲ ਆਪਣੀਆਂ ਗਲਾਂ ਕੀਤੀਆਂ ਤਾਂ ਜੋ ਬਗੈਰ ਜ਼ਿਆਦਾ ਉਪਦੇਸ਼ ਦੇਣ ਜਾਂ ਭਾਸ਼ਣ ਕਰਨ ਦੇ ਹੀ ਲੋਕਾਂ ਦੀ ਸਮਝ ਵਿਚ ਆ ਸਕਣ।

ਹਰਦਵਾਰ ਜਦ ਵੇਖਿਆ ਕਿ ਲੋਕ ਆਪਣੇ ਪੂਰਵਜਾਂ ਨੂੰ ਪਾਣੀ ਪਹੁੰਚਾਣ ਲਈ ਸੂਰਜ ਵਲ ਪਾਣੀ ਸੁਟ ਰਹੇ ਹਨ ਤਾਂ ਆਪ ਪੱਛਮ ਵਲ ਪਾਣੀ ਸੁਟਣ ਲਗ ਪਏ · ਲੋਕਾਂ ਹਾਸੀ ਕੀਤੀ ਆਪ ਤੋਂ ਪੁਛਿਆ ਐਸਾ ਕਿਉਂ ਕਰ ਰਹੇ ਹੋ। ਗੁਰੂ ਜੀ ਨੇ ਕਿਹਾ ਕਿ ਮੈਂ ਪੰਜਾਬ ਵਿਚ ਆਪਣੇ ਖੇਤਾਂ ਨੂੰ ਪਾਣੀ ਪਹੁੰਚਾ ਰਿਹਾ ਹਾਂ। ਨਿਸਚੇ ਹੀ ਉਹਨਾਂ ਕਿੰਤੂ ਕੀਤਾ ਕਿ ਇਹ ਅਸੰਭਵ ਗਲ ਹੈ ਕਿ ਇਹ ਪਾਣੀ ਏਡੀ ਦੂਰ ਪੰਜਾਬ ਵਿਚ ਕਿਵੇਂ ਪਹੁੰਚ ਸਕਦਾ ਹੈ। ਹੁਣ ਗੁਰੂ ਜੀ ਦਾ ਆਪਣੀ ਗਲ ਕਰਨ ਦਾ ਸਮਾਂ ਸੀ। ਝਟ ਉਲਟਾ ਪ੍ਰਸ਼ਨ ਕੀਤਾ ਕਿ ਜੇਕਰ ਮੇਰਾ ਪਾਣੀ ਪੰਜਾਬ ਨਹੀਂ ਪਹੁੰਚਦਾ ਤਾਂ ਤੁਹਾਡਾ ਪਾਣੀ ਲੱਖਾਂ ਕਰੋੜਾਂ ਮੀਲ ਦੂਰ ਸੂਰਜ ਨੂੰ ਕਿਵੇਂ ਪਹੁੰਚ ਸਕਦਾ ਹੈ। ਗਲ ਖਾਨੇ ਬਿਠਾ ਦਿਤੀ।

ਹਾਜੀਆ ਦਾ ਨੀਲਾ ਬਾਣਾ ਪਾ ਕੇ ਮਕੇ ਪਹੁੰਚ ਗਏ। ਕਾਅਬੇ ਵਲ ਪੈਰ ਕਰ ਕੇ ਸੌਂ ਗਏ। ਮੌਲਾਣੇ ਨੇ ਲੱਤ ਮਾਰੀ ਕਿ ਇਥੇ ਇਹ ਕੁਫਰ ? ਬਾਬੇ ਨੇ ਪਰੇਮ ਨਾਲ ਕਿਹਾ ਕਿ ਮੇਰੀਆਂ ਲੱਤਾਂ ਉਧਰ ਕਰ ਦੇ ਜਿਧਰ ਰੱਬ ਨਹੀਂ ਹੈ।

ਇਕ ਜੋਗੀ ਚਾਰ ਲੋਕਾਂ ਦੀਆਂ ਗੱਲਾਂ ਦਸਦਾ ਸੀ। ਉਹ ਕਹਿੰਦਾ ਸੀ ਕਿ ਜਦ ਮੈਂ ਸਮਾਧੀ ਲਾਉਂਦਾ ਹਾਂ ਤਾਂ ਮੈਨੂੰ ਸਾਰੇ ਬ੍ਰਹਮੰਡ ਦੀ ਖਬਰ ਹੁੰਦੀ ਹੈ ਕਿ ਕਿਥੇ ਕੀ ਵਾਪਰ ਰਿਹਾ ਹੈ। ਗੁਰੂ ਜੀ ਨੇ ਉਸ ਦੀ ਚਿਪੀ ਲੁਕਾ ਦਿਤੀ। ਸਮਾਧੀ ਖੁਲ੍ਹੀ ਜੋਗੀ ਨੂੰ ਆਪਣੀ ਚਿਪੀ ਨਾ ਦਿਸੀ। ਲਗਾ ਏਧਰ ਉਧਰ ਝਾਕਣ। ਗੁਰੂ ਜੀ ਨੇ ਲੋਕਾਂ ਨੂੰ ਸਮਝਾਇਆ ਕਿ ਇਸ ਨੂੰ ਕੋਲ ਪਈ ਚਿਪੀ ਦਾ ਗਿਆਨ ਨਹੀਂ ਤਾਂ ਇਹ ਬਰਹਮੰਡ ਦੀ ਖਬਰ ਕਿਵੇਂ ਦਸ ਸਕਦਾ ਹੈ।

ਉਹਨਾਂ ਨੂੰ ਫਰਮਾਇਸ਼ ਪਾਈ ਗਈ ਕਿ ਤੁਸੀਂ ਏਡੇ ਮਸ਼ਹੂਰ ਫਕੀਰ ਹੋ ਤਾਂ ਕੋਈ ਕਰਾਮਾਤ ਵਖਾਵੋ। ਬਾਬੇ ਨੇ ਉਤਰ ਦਿਤਾ।

'ਬਾਝੋਂ ਸਚੇ ਨਾਮ ਦੇ, ਹੋਰੁ ਕਰਾਮਾਤਿ ਅਸਾਂ ਤੇ ਨਾਹੀ'

ਦਰਅਸਲ ਨਾਮ ਅਤੇ ਗੁਰੂ ਦੀ ਮਹੱਤਤਾ ਅਤੇ ਮਹਿਮਾ ਬਾਰੇ ਤਾਂ ਉਹਨਾਂ ਦੀ ਬਾਣੀ ਵਿਚ ਬਹੁਤ ਹੀ ਲਿਖਿਆ ਹੈ। ਲੋਕਾ ਨੂੰ ਫੋਕੇ ਵਹਿਮਾਂ ਭਰਮਾਂ ਵਿਚੋਂ ਨਿਕਲ ਕੇ ਨਾਮ ਅਤੇ ਗੁਰੂ ਦੀ ਸ਼ਰਣ ਆਦਿ ਲਈ ਪ੍ਰੇਰਿਆ ਉਹਨਾਂ ਕਿਹਾ ਕਿ "ਜਪਹੁ ਤ ਏਕੋ ਨਾਮਾ। ਅਵਰਿ ਨਿਰਾਫਲ ਕਾਮਾ।"

ਨਾਮ ਅਤੇ ਗੁਰੂ ਦੇ ਰਿਸ਼ਤੇ ਨੂੰ ਅਪਣੀ ਬਾਣੀ ਵਿਚ ਇੰਝ ਦਰਸਾਇਆ ਹੈ।

ਗੁਰ ਪੂਰੈ ਹਰਿਨਾਮੁ ਦਿੜਾਇਆ
ਹਰਿ ਨਿਹਚਲੁ ਹਰਿ ਧਨੁ ਪਲੈ ਜੀਓ

ਅਤੇ ਗੁਰੂ ਨੇ ਇਕ ਬੁਝਾਰਤ ਵੀ ਦਸੀ ਕਿ ਅਸਲੀ ਨਿਰਧਨ ਉਹ ਹੈ ਜਿਸ ਦੇ ਪਲੇ ਨਾਮ ਨਹੀਂ।

"ਬਿਨ ਨਾਵੈ ਸਭੁ ਕੋਈ ਨਿਰਧਨੁ, ਸਤਿਗੁਰਿ ਬੂਝ ਬੁਝਾਈ"

ਵਡੀਆਂ ਵਡਿਆਈਆਂ ਵਾਲੇ ਸਤਿਗੁਰੂ ਦੀ ਸਿਫਤ ਸਾਲਾਹ ਕਰਨ ਵਾਲੇ ਗੁਰੂ ਨਾਨਕ ਨੇ ਇਕ ਨਵੀਂ ਪਿਰਤ ਤੋਰੀ। ਓਹਨਾਂ ਨੇ ਭਾਈ ਲਹਿਣੇ ਨੂੰ ਗੁਰੂ ਥਾਪ ਕੇ ਅਪਣਾ ਹੀ ਅੰਗ—ਅੰਗਦ ਥਾਪ ਦਿਤਾ ਅਤੇ ਸਦਾ ਵਾਸਤੇ ਸਚਾਈ ਦੇ ਚਾਨਣ ਦਾ ਪਾਸਾਰ ਕਰਨ ਲਈ ਅਗੇ ਤੋਂ ਅਗੇ ਗੁਰੂ ਪ੍ਰਨਾਲੀ ਹੀ ਤੋਰ ਦਿਤੀ।

ਸੰਸਾਰ ਵਿਚ ਰਹਿਣ ਲਈ ਇਥੇ ਆਮ ਲੋਕਾਂ ਵਾਂਗ ਕਿਰਤ ਕਰਦੇ ਰਹੋ ਪਰ 'ਨਿਰੰਕਾਰਿ ਦੇ ਦੇਸ' ਜਾਣ ਵਾਸਤੇ ਜੋ ਉਹਨਾਂ ਰਾਸ ਦਸੀ ਉਹ ਕਰਮ ਕਾਂਢੀ ਨਹੀਂ ਸੀ। ਸਗੋਂ ਉਹਨਾਂ ਦਸਿਆ ਕਿ ਮਨ ਹਲਵਾਹੁਕ ਹੋਵੇ, ਅਸਲੀ ਜੀਵਨ ਕਿਰਸਾਨੀ ਹੋਵੇ, ਧਰਮ ਦਾ ਪਾਣੀ ਹੋਵੇ ਅਤੇ ਖੇਤ ਅਪਣਾ ਸਾਰਾ ਸਰੀਰ। ਇਸ ਵਿਚ ਨਾਮ ਦਾ ਬੀਜ ਪਾਇਆ ਜਾਵੇ ਉਪਰ ਸੰਤੋਖ ਦਾ ਸੁਹਾਗਾ ਫੇਰਿਆ ਜਾਵੇ ਅਤੇ ਉਸ ਖੇਤ (ਸਰੀਰ) ਦੀ ਰਖਿਆ ਲਈ ਵਾੜ ਗਰੀਬਾਨਾਂ ਵੇਸ ਹੋਵੇ। ਬਾਬੇ ਆਖਿਆ।

ਬਾਬਾ ਮਾਇਆ ਸਾਥਿ ਨ ਹੋਵੇ ॥
ਇਨਿ ਮਾਇਆ ਜਗੁ ਮੋਹਿਆ, ਵਿਰਲਾ ਬੂਝੈ ਕੋਇ ॥

ਬਿਨਸ ਰਹੀ ਉਮਰ ਨੂੰ ਹਟੀ ਬਣਾਕੇ ਉਸ ਵਿਚ ਸਚੇ ਨਾਮ ਦਾ ਸੌਦਾ ਸੁਰਤੀ ਅਤੇ ਸੋਚ ਦੇ ਭਾਂਡੇ ਵਿਚ ਪਾ ਕੇ ਕੇ ਰੱਖ। ਜੇ ਤੂੰ ਸਚਾ ਵਾਪਾਰ ਕਰਨਾ ਹੈ ਤਾਂ ਐਸੇ ਵਾਪਾਰੀਆਂ ਨਾਲ ਕਰ ਜਿਸ ਨਾਲ ਫਾਇਦਾ ਹੋਵੇ। ਸ਼ਾਸਤਰਾ ਤੇ ਧਰਮ ਪੁਸਤਕਾਂ ਨੂੰ ਸੁਨਣ ਦੀ ਸੌਦਾਗਰੀ ਲੈ ਕੇ ਸਚਿਆਈਆ ਦੇ ਘੋੜੇ ਤੇ ਰਖ ਕੇ ਚਲ ਅਤੇ ਰਾਹ ਦੇ ਖਰਚ ਵਾਸਤੇ ਇਹ ਪਲੇ ਬਨ ਲੈ।

"ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ
ਨਿਰੰਕਾਰ ਕੈ ਦੇਸਿ ਜਾਹਿ, ਤਾ ਸੁਖਿ ਲਹਹਿ ਮਹਲੁ"

ਪੰਡਤ ਜਜਮਾਨਾਂ ਤੋਂ ਚੋਲ ਕਣਕ ਘਿਉ, ਕਪੜਾ ਗਊਆਂ ਲਵੇਰੀਆਂ ਆਦਿਕ ਦਾਨ ਲਿਆ ਕਰਦੇ ਸਨ। ਗੁਰੂ ਜੀ ਨੇ ਕਿਹਾ ਉਹ ਲੋਕੋ ਜੇ ਦਾਨ ਲੈਣਾ ਹੈ ਤਾਂ ਜਤ ਸਤ ਦਾ ਚਾਵਲ ਮੰਗਿਆ ਕਰੋ ਕਣਕ ਦੀ ਥਾਂ ਦਇਆ ਦੀ ਪ੍ਰਾਪਤੀ ਕਰਿਆ ਕਰੋ। ਚੰਗੇ ਕਰਮਾ ਰੂਪੀ ਦੁਧ ਅਤੇ ਘਿਉ ਦੀ ਥਾਂ ਮਨ ਦਾ ਸੰਤੋਖ ਮੰਗਿਆ ਕਰੋ ਅਤੇ ਜੇ ਹੋਰ ਮੰਗਣਾ ਹੈ ਤਾਂ...

"ਖਿਮਾ ਧੀਰਜ ਕਰਿ ਗਊ ਲਵੇਰੀ, ਸਹਜੇ ਬਛਰਾ ਖੀਰੁ ਪੀਐ
ਸਿਫਤਿ ਸਰਮ ਕਾ ਕਪੜਾ ਮਾਂਗਉ,
ਹਰਿ ਗੁਣ ਨਾਨਕ ਰਵਤੁ ਰਹੈ।

ਇਸਤਰੀ ਜਾਤੀ ਦੀ ਦਸ਼ਾ ਬਹੁਤ ਅਧੋਗਤੀ ਦੀ ਸੀ ਅਤੇ ਉਹ ਮਰਦਾਂ ਵਲੋਂ ਘਿਰਨਿਤ ਨਜ਼ਰਾਂ ਨਾਲ ਵੇਖੀ ਜਾਂਦੀ ਸੀ। ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਇਸਤਰੀਆਂ ਦੇ ਹੱਕ ਵਿਚ ਆਵਾਜ਼ ਉਠਾਈ ਅਤੇ ਜਨਣੀ ਨੂੰ ਭੈੜਾ ਕਹਿਣ ਵਾਲਿਆਂ ਤੋਂ ਪ੍ਰਸ਼ਨ ਕੀਤਾ।

'ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਗੁਰੂ ਸਾਹਿਬ ਦੀ ਸੋਚਣੀ ਵਿਗਿਆਨਕ ਸੀ। ਅ.ਜ ਤੋਂ ਪੰਜ ਸੌ ਸਾਲ ਪਹਿਲਾਂ ਹੀ ਉਹਨਾਂ ਕਿਹਾ ਸੀ ਕਿ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਅਤੇ 'ਧਰਤੀ ਹੋਰ ਪਰੈ ਹੋਰ ਹੋਰ'।

ਆਪਣੇ ਆਪ ਨੂੰ ਨਿਮਾਨਾ ਅਉਗਣਹਾਰਾ ਅਤੇ ਗਰੀਬ ਕਹਿਣ ਵਾਲਾ ਗੁਰੂ ਨਾਨਕ ਲੋਕਾਂ ਤੇ ਜ਼ੁਲਮ ਹੁੰਦਾ ਨਾ ਸਹਾਰ ਸਕਿਆ ਅਤੇ ਉਸ ਨੇ ਰਬ ਨੂੰ ਵੀ ਤਾਹਨਾ ਦੇਣ ਤੋਂ ਕਿ

ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨ ਆਇਆ।

ਸਕੁਚ ਨਾ ਕੀਤਾ—ਉਸ ਸਮੇਂ ਰਾਜਿਆਂ ਨੂੰ ਸ਼ੀਹ ਅਤੇ ਅਹਿਲਕਾਰਾਂ ਨੂੰ ਕੁਤੇ ਕਹਿਣਾ ਕੇਵਲ ਗੁਰੂ ਨਾਨਕ ਦੀ ਹੀ ਜੁਰਅਤ ਸੀ।

ਗੁਰੂ ਨਾਨਕ ਨੇ ਵਖ ਵਖ ਦੇਸਾਂ ਫਿਰਕਿਆਂ ਧਰਮਾਂ ਦੀ ਵਖੇਪਤਾ ਵਿਚ ਵੀ ਸਾਂਝ ਦੇਖੀ ਉਸ ਦੀ ਮਾਨਵਤਾ ਦੀ ਸਾਂਝ। ਅਜ ਜਦੋਂ ਦੁਨੀਆਂ ਜਦੇ ਵਖ ਵਖ ਨਿਜ਼ਾਮਾਂ ਵਿਚ ਫਸ ਕੇ ਜੰਗ ਦੇ ਕੰਢੇ ਤੇ ਖੜੀ ਹੈ ਤਾਂ ਗੁਰੂ ਨਾਨਕ ਦਾ ਮਾਨਵਤਾ ਦਾ ਸੰਦੇਸ਼ ਹੀ ਕਲਿਆਣ ਕਾਰੀ ਹੋ ਸਕਦਾ ਹੈ। ●

ਲੇਖੇ ਇਕ ਗੱਲ

—ਪ੍ਰੀਤਮ ਸਿੰਘ ਕਵੀ

ਲੰਡਨ ਤੋਂ 40 ਮੀਲ ਦੇ ਫਾਸਲੇ ਤੇ, ਇਕ ਕਸਬੇ, ਮੇਡਨਹੈੱਡ, ਵਿਚ ਆਪਣੇ ਮਿੱਤਰ ਖ. ਸ. ਭਮਰਾ ਨਾਲ ਫਿਰਦਿਆਂ ਮੈਂ ਆਖਿਆ : "ਹੋਰ ਤੇ ਗੱਲਾਂ ਦੀਆਂ ਗੱਲਾਂ, ਪਰ ਜਿੰਨੀ ਸਫਾਈ, ਸੁਹਜ ਤੇ ਕਲਾਤਮਕਤਾ ਤੁਹਾਡੇ ਇੰਗਲੈਂਡ ਵਿਚ ਵੇਖੀ ਹੈ ਇਸ ਨੇ ਮੇਰੀਆਂ ਅੱਖਾਂ ਦੀ ਨਿਸ਼ਾ ਕਰ ਛੱਡੀ ਏ, ਕੀ ਮਜਾਲ ਕਿਤੇ ਕੱਖ, ਪੱਤਰ ਜਾਂ ਕਾਗਜ਼ ਦਾ ਟੁਕੜਾ ਵੀ ਨਜ਼ਰ ਪੈ ਜਾਏ! ਭਮਰੇ ਨੇ ਹੱਸ ਕੇ, ਕਾਰ ਦਾ ਸਟੇਅਰਿੰਗ ਘੁਮਾਂਦਿਆਂ ਟਣੋਕਿਆ : "ਕਵੀ ਜੀ, ਹਿੰਦੁਸਤਾਨੀ ਨਕਲਚੀ ਤਾਂ ਬੜੇ ਡਾਢੇ ਨੇ, ਪਰ ਇਹ ਉਨਤੀ ਕਰਨ ਯੋਗ ਨਕਲ ਨਹੀਂ ਕਰਦੇ, ਏਥੋਂ ਦਾ ਘਟੀਆਪਨ ਤਾਂ ਫੌਰਨ ਸਾਡੀ ਨਕਲ ਦਾ ਹਿੱਸਾ ਬਣ ਜਾਂਦਾ ਏ। ਤੁਸਾਂ ਵੇਖਿਆ ਹੋਵੇ ਹੀਥਰੋ ਤੇ ਭਾਰਤੀ ਅੰਧਖੜ ਇਸਤਰੀਆਂ-ਮਰਦ ਕਿਵੇਂ ਬਾਂਸ ਲਗੇ ਨਾਈਲਨ ਬਰੁਸ਼ ਤੇ ਝਾੜਨ ਲਈ ਫਿਰਦੇ ਨੇ। ਇਹ ਸਭ ਹਵਾਈ-ਸਟੇਸ਼ਨ ਦੀ ਸਫਾਈ ਕਰਨ ਵਾਲੇ ਹੀ ਹਨ। ਹਜ਼ਾਰਾਂ ਲੋਕ ਸੈਂਕੜੇ ਜਹਾਜ਼ਾਂ ਤੋਂ ਉਤਰਦੇ-ਚੜ੍ਹਦੇ ਹਨ ਪਰ ਤੁਸੀਂ ਉਨ੍ਹਾਂ ਦੇ ਬੂਟਾਂ ਦੇ ਨਿਸ਼ਾਨ ਤਕ ਨਹੀਂ ਫਰਸ਼ ਤੇ ਵੇਖ ਸਕਦੇ।"

ਤੇ ਚੁਲਦੀਆਂ ਗੱਲਾਂ ਵਿਚ ਮੇਰੇ ਸਾਥੀ ਟਾਂਚ ਕੀਤੀ : "ਭਾਰਤੀਆਂ ਨੂੰ ਆਪਣਾ ਦੇਸ਼ ਗੰਦਾ ਰੱਖਣ ਦੀ ਇਹ ਸਜ਼ਾ ਹੀ ਸਮਝੋ ਕਿ ਬਹੁਤ ਸਾਰੇ ਵਡ-ਉਮਰੇ ਏਥੇ, ਵਲਾਇਤ ਵਿਚ, ਸਫਾਈ ਕਰਨ ਦੀ ਡਿਊਟੀ ਅਦਾ ਕਰਦੇ ਹਨ।"

ਗੱਲ ਭਮਰੇ ਦੀ ਠੀਕ ਸੀ। ਅਸਾਂ ਯੂਰਪ ਵਾਲਿਆਂ ਤੋਂ ਕਪੜਿਆਂ ਦੀ ਨਕਲ ਕਰ ਲਈ ਆਪ ਕੋਟ-ਪੈਂਟਾਂ ਪਾ ਸਾਹਿਬ ਬਣ ਗਏ, ਅਸਾਂ ਆਪਣੀ ਬੋਲੀ ਦਾ ਮਾਣ ਛੱਡ ਆਪਣੀ ਗੱਲ ਕੱਥ ਵਿਚ ਅੰਗਰੇਜ਼ੀ ਘੁਸੇੜ ਲਈ, ਮੂੰਹ ਵਿਹਲਾ ਨਾ ਰਹਿਣ ਦੇਣ ਲਈ ਸਿਗਰਟ ਤੇ ਸਿਗਰੱਟ ਫੂਕਣੀ ਸ਼ੁਰੂ ਕਰ ਦਿਤੀ, ਖਲੋ ਕੇ ਪਿਸ਼ਾਬ ਕਰਨਾ ਨਕਲ ਲਿਆ ਤੇ ਹੋਰ ਅਜਿਹਾ ਗੰਦ-ਪਿੱਲ ਸਿਖ ਲਿਆ ਜਿਸ ਨਾਲ ਆਪਣੀ ਸਭਿਅਤਾ ਦਾ ਮਾਣ ਤਾਂ ਲੋਪ ਹੋ ਹੀ ਗਿਆ. ਵਿਦੇਸ਼ੀ ਨਕਲ ਕਰਦਿਆਂ ਕਰਦਿਆਂ ਆਪਣਾ ਮਾਣ ਯੋਗ ਵਿਰਸਾ ਵੀ ਛੱਡ ਦਿਤਾ —ਪਰ ਜੋ ਨਕਲ ਕਰਨ ਯੋਗ ਸੀ ਉਹਦੇ ਵਲ ਧਿਆਨ ਨਾ ਦਿਤਾ।

ਸਫ਼ਾਈ ਦਾ ਮਸਲਾ ਐਸਾ ਹੈ, ਜਿਸ ਵਲ ਧਿਆਨ ਦੀ ਅਣਹੋਂਦ ਸਦਕਾ ਅਸੀਂ ਕਈ ਬਿਮਾਰੀਆਂ ਮੁਫਤ ਵਿਚ ਸਹੇੜ ਲੈਂਦੇ ਹਾਂ। ਰੋਗਾਂ ਦੀ ਜ਼ਹਿਮਤ ਅਤੇ ਖਰਚ ਉਠਾਣ ਤੋਂ ਬਿਨਾ ਅਸੀਂ ਕੁਹਜ ਭਰਪੂਰ ਆਲਾ ਦੁਆਲਾ ਸਿਰਜਦੇ ਰਹਿੰਦੇ ਤੇ ਉਸ ਨਾਲ ਆਪਣੇ ਅੰਦਰੋਂ ਸੁਹਜ ਭਾਵਨਾ ਦਾ ਨਾਸ ਕਰਦੇ ਰਹਿੰਦੇ ਹਾਂ। ਗੰਦ ਖਿਲਾਰਨ ਦੀ ਇਕੋ ਇਕ ਨਿਕੰਮੀ ਆਦਤ ਨਾਲ ਅਸਾਂ ਆਪਣੇ ਦੇਸ਼ ਨੂੰ ਇਕ ਗੰਦੀ ਬਸਤੀ ਵਰਗਾ ਬਣਾ ਛਡਿਆ ਹੈ।

ਮੇਰੀਆਂ ਅੱਖਾਂ ਸੁਹਜ-ਸੁੰਦਰਤਾ ਲਈ ਤਰਸ ਦੀਆਂ ਰਹਿੰਦੀਆਂ ਹਨ। ਇਹ ਤਰਸੇਵਾਂ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਕੀਤੇ ਇੰਗਲੈਂਡ. ਅਮਰੀਕਾ ਅਤੇ ਕੈਨੇਡਾ ਦੇ ਟੂਰ ਨਾਲ ਰਜੇਵੇਂ ਵਿਚ ਬਦਲ ਗਿਆ। ਇਹਨਾਂ ਦੇਸ਼ਾਂ ਦੇ ਲੋਕਾਂ ਦੀ ਸਰੀਰਕ ਅਤੇ ਵਸੇਬੇ ਦੀ ਸਫਾਈ ਨੇ ਮੈਨੂੰ ਹਰ ਥਾਂ ਨਿਹਾਲ ਕੀਤਾ।

ਇਹ ਠੀਕ ਹੈ ਕਿ ਇਹਨਾਂ ਸਮਰਿਧ ਦੇਸ਼ਾਂ ਦੀ ਪਹੁੰਚ ਅਜੇ ਅਸੀਂ ਸਰਮਾਏ ਪਖੋਂ ਨਹੀਂ ਕਰ ਸਕਦੇ। ਸਾਡੀਆਂ ਕਾਰਪੋਰੇਸ਼ਨਾਂ, ਮਿਊਂਸਪੈਲਟੀਆਂ ਅਤੇ ਟਾਊਨ ਕਮੇਟੀਆਂ ਏਨਾ ਸਰਮਾਇਆ ਨਹੀਂ ਜੁਟਾ ਸਕਦੀਆਂ ਕਿ ਛੇਤੀ ਤੌਰ ਤੇ ਸਫਾਈ ਦਾ ਸਟੈਂਡਰਡ ਅਸੀਂ ਯੂਰਪ ਦੇ ਟਾਕਰੇ ਤੇ ਲੈ ਜਾਈਏ— ਪਰ ਇਹ ਵੀ ਠੀਕ ਹੈ, ਜੇਕਰ ਅਸੀਂ ਕੁਝ ਚੰਗੀਆਂ ਆਦਤਾਂ ਪਾ ਲਈਏ ਜਿਨ੍ਹਾਂ ਤੇ ਕੋਈ ਖਰਚ ਵੀ ਨਹੀਂ ਆਉਂਦਾ ਤਾਂ ਅਸੀਂ ਆਪਣੇ ਦੇਸ਼ ਨੂੰ ਸੁੰਦਰ ਬਨਾਣ ਵਿਚ ਸਹਾਇਕ ਹੋ ਸਕਦੇ ਹਾਂ।

ਨਵਾਂ ਜ਼ਮਾਨਾ ਦੇ ਸੰਪਾਦਕ ਸੁਰਜਨ ਜ਼ੀਰਵੀ ਨਾਲ ਵਲ ਟਿਤ ਤੋਂ ਲਿਆਂਦੇ ਪਰਭਾਵ ਸਾਂਝੇ ਕਰ ਰਿਹਾ ਸਾਂ। ਮੈਂ ਦਸਿਆ ਕਿ ਇੰਗਲੈਂਡ ਵਿਚ ਮੈਨੂੰ ਕੋਈ ਆਦਮੀ ਸੜਕਾਂ ਕੰਢੇ ਕੰਧਾਂ ਦੀ ਓਟ ਨਾਲ ਪਿਸ਼ਾਬ ਕਰਦਾ ਨਜ਼ਰ ਨਹੀਂ ਪਿਆ ਤੇ ਨਾ ਹੀ ਖੇਤਾਂ ਜਾਂ ਵਿਹਲੀਆਂ ਥਾਵਾਂ ਤੇ ਸਾਡੇ ਦੇਸ਼ ਵਾਂਗ ਲੋਕਾਂ ਨੂੰ ਪਖਾਨਾ ਕਰਦਿਆਂ ਡਿੱਠਾ ਹੈ। ਸਾਡੀਆਂ ਕੰਧਾਂ ਉਤੇ ਕਿਤੇ ਕਿਤੇ ਪੜਦੇ ਹਾਂ : ਏਥੇ ਕੁੱਤੇ ਪੇਸ਼ਾਬ ਕਰਦੇ ਹਨ, ਗਧਿਆ! ਕੰਧ ਨਾਲ ਪਿਸ਼ਾਬ ਨਾ ਕਰੀਂ। ਤੇ ਕਿਤੇ ਕਿਤੇ ਏਦੂੰ ਵੀ ਸਖਤੀ ਨਾਲ ਨੋਟਸ ਲਿਖੇ ਹੁੰਦੇ ਹਨ......ਦਾ ਏਥੇ ਪਿਸ਼ਾਬ ਨਹੀਂ ਕਰਨਾ। ਜ਼ੀਰਵੀ ਨੇ ਦੋ ਹਰਫੀ ਗੱਲ ਮੁਕਾ ਦਿਤੀ : ਤੁਸੀ ਜਲੰਧਰ ਸ਼ਹਿਰ ਹੀ ਲਓ, ਇਸ ਵਿਚ ਮੁਨਾਸਬ 'ਮੂਤਰਾਲੇ' ਤਿਆਰ ਕਰਨ ਲਈ ਮਿਊਂਸਪੈਲਟੀ ਪਾਸ ਕਦੇ ਰਕਮ ਨਹੀਂ ਹੋਈ ਤੇ ਜੇ ਕਦੇ ਸ਼ਹਿਰ-ਪਿਤਾਮਾ ਲੋਕਾਂ

ਦੀ ਮੁਨਾਸਬ ਸਹੂਲਤ ਲਈ ਕੇਵਲ ਪਿਸ਼ਾਬ ਖਾਨੇ ਹੀ ਤਿਆਰ ਕਰਨ ਲਗਣ ਤਾਂ ਮਿਊਂਸਪੈਲਟੀ ਦੀਵਾਲੀਆ ਹੋ ਜਾਵੇ।

ਹੋ ਸਕਦਾ ਏ, ਇਹ ਅਸਲੋਂ ਠੀਕ ਹੋਵੇ। ਪਰ ਸਾਡੇ ਦੇਸ਼ ਦਾ ਸਮੁਚਾ ਚਰਿਤਰ ਕੀ ਏ ? (ਸੰਭਵ ਏ ਕਿਸੇ ਪ੍ਰਾਂਤ ਦੀ ਇਸਤੋਂ ਉਲਟ ਮਿਸਾਲ ਦਿਤੀ ਜਾ ਸਕੇ) ਅਸੀਂ ਸਰਦੀਆਂ ਵਿਚ ਸਫ਼ਰ ਕਰਦੇ ਸਮੇਂ ਬੱਸਾਂ ਵਿਚ ਮੁੰਗਫਲੀ ਖਾਂਦਿਆਂ ਖਾਂਦਿਆਂ ਏਨੇ ਛਿਲੜ ਸੁਟ ਦਿੰਦੇ ਹਾਂ ਕਿ ਥੱਲੇ ਦਾ ਪੂਰਾ ਫਰਸ਼ ਢੱਕ ਜਾਂਦਾ ਹੈ। ਗਰਮੀਆਂ ਵਿਚ ਸੰਤਰਾ, ਸੇਉ, ਤੇ ਦੋਹਾਂ ਮੌਸਮਾਂ ਵਿਚ ਕੇਲੇ ਦੀਆਂ ਛਿਲੜਾਂ ਦੀ ਭਰਮਾਰ ਹੋ ਜਾਂਦੀ ਹੈ। ਪਰ ਕਾਗਜ਼ ਦੇ ਲਿਫ਼ਾਫ਼ੇ ਤੇ ਟੁਕੜਿਆਂ ਨੂੰ ਥਾਂ ਪਰ ਥਾਂ ਸੁਟਣਾ ਤਾਂ ਜਿਵੇਂ ਸਾਡਾ ਅਧਿਕਾਰ ਹੀ ਹੈ। ਸਟੇਸ਼ਨਾਂ—ਬੱਸ ਅੱਡਿਆਂ—ਕਚਹਿਰੀਆਂ—ਦਫਤਰਾਂ, ਗੱਲ ਕੀ, ਜਿਥੇ ਵੀ ਆਮ ਭਾਰਤੀ ਦਾ ਜਾਣ ਆਉਣ ਹੈ ਉਥੇ ਹੀ ਕੂੜਾ-ਕਰਕਟ ਜਮ੍ਹਾ ਹੋ ਜਾਂਦਾ ਹੈ।

ਹੋਰ ਤਾਂ ਹੋਰ, ਮੌਕਾ ਵੇਖਕੇ ਅਸੀਂ ਟੱਟੀ-ਪਿਸ਼ਾਬ ਵੀ, ਆਪਣੀ ਹਾਜਤ ਨਵਿਰਤੀ ਨੂੰ ਮੁਖ ਰਖਕੇ, ਜੋ ਥਾਵਾਂ ਇਸ ਕੰਮ ਲਈ ਨਹੀਂ ਬਣੀਆਂ ਉਥੇ ਕਰ ਦਿੰਦੇ ਹਾਂ। ਤੁਸੀਂ ਪਿਸ਼ਾਬ ਖਾਨੇ ਵਿਚ ਪਿਸ਼ਾਬ ਕਰਨ ਲਈ ਦਾਖ਼ਲ ਹੋਏ, ਐਨ ਸੰਭਵ ਹੈ ਕਿ ਅਗੋਂ ਟੱਟੀ ਦੇ ਢੇਰ ਤੋਂ ਮੱਖੀਆਂ ਦੀ ਧਾੜ ਤੁਹਾਡੇ ਤੇ ਹਮਲਾ ਕਰ ਦੇਵੇ --ਅਜਿਹੇ ਕੁਦ੍ਰਿਸ਼ ਥਾਂ ਪਰ ਥਾਂ ਵੇਖੇ ਜਾ ਸਕਦੇ ਹਨ।

ਸਾਡੇ ਰੇਡੀਓ, ਟੈਲੀਵੀਜ਼ਨ (ਜੋ ਅਜੇ ਬਹੁਤ ਹੀ ਘੱਟ ਭਾਰਤੀਆਂ ਨੂੰ ਪ੍ਰਾਪਤ ਹਨ।) ਸਕੂਲ ਦੀਆਂ ਕਿਤਾਬਾਂ ਅਤੇ ਅਧਿਆਪਕ ਵਰਗ ਸਫ਼ਾਈ ਬਾਰੇ ਬੜਾ ਕੁਝ ਦਸਦੇ ਹਨ ਪਰ ਲੋਕ-ਜੀਵਨ ਤੇ ਇਸ ਦਾ ਅਸਰ ਨਹੀਂ ਪੈ ਰਿਹਾ। ਇਹ ਇਸ ਕਰਕੇ ਕਿ ਦੱਸਣ ਵਾਲੇ ਸਿਰਫ਼ ਪਾਠ ਹੀ ਪੜ੍ਹਾਂਦੇ ਹਨ, ਇਹਨਾਂ ਤੇ ਅਮਲ ਕਰਨ ਦੀ ਰੁਚੀ ਨਾ ਉਹਨਾਂ ਵਿਚ ਹੁੰਦੀ ਹੈ ਨਾ ਬੱਚਿਆਂ ਵਿਚ ਬੀਜ ਸਕਦੇ ਹਨ।

ਅਮੀਰ ਲੋਕਾਂ ਦੇ ਕੋਠੀਆਂ-ਬੰਗਲਿਆਂ ਵਿਚ ਖਾਸ ਕਰ ਤੇ ਸਾਡੇ ਆਮ ਘਰਾਂ ਵਿਚ ਵੀ ਸਫ਼ਾਈ ਦਾ ਵੈਸੇ ਤਾਂ ਖਿਆਲ ਰਖਿਆ ਜਾਂਦਾ ਹੈ, ਪਰ ਸਮੁਚੇ ਤੌਰ ਤੇ ਪਬਲਿਕ ਥਾਵਾਂ ਵਲ ਸਾਡੀ ਪਹੁੰਚ ਨਾਂਹ-ਵਾਦੀ ਹੁੰਦੀ ਹੈ। ਸਿੱਟਾ ਇਹ ਨਿਕਲਦਾ ਹੈ ਕਿ ਅਸੀਂ ਆਪਣ ਘਰਾਂ ਦੇ ਬਹੁਤ ਸੁਅੱਛ, ਜਾਂ ਕੁਛ ਨ ਕੁਛ ਸੁਅੱਛ ਵਾਤਾਵਰਣ ਚੋਂ ਨਿਕਲ ਕੇ ਘਰੋਂ ਬਾਹਰ ਨਿਕਲਦਿਆਂ ਹੀ ਗੰਦੀਆਂ ਨਾਲੀਆਂ, ਘਿਨਾਉਣੇ ਤੇਲੀਏ ਪਾਣੀ ਦੇ ਕਾਲੇ ਛਪੜਾਂ, ਗੰਦਗੀ ਦੇ ਢੇਰਾਂ ਦੇ ਕੋਲੋਂ ਦੀ ਜਾਂ ਉਤੋਂ ਦੀ ਲੰਘਣ ਲਈ ਮਜਬੂਰ ਹੁੰਦੇ ਹਾਂ।

ਦੁਕਾਨਦਾਰ ਤਬਕੇ ਨੂੰ ਇਕ ਹੋਰ ਵੀ ਆਦਤ ਹੈ। ਉਹ ਦਿਨੇ 9 ਵਜ ਦੁਕਾਨਾਂ ਖੋਹਲਕੇ ਦੁਕਾਨ ਦੀ ਸਫ਼ਾਈ ਆਦਿ ਕਰਦੇ, ਸ਼ਿਵ ਜੀ, ਗੁਰੂ ਸਾਹਿਬਾਨ ਜਾਂ ਦੇਵੀ ਮਾਤਾਵਾਂ ਅਗੇ ਧੂਪ ਧੁਖਾਂਦੇ ਹਨ—ਪਰ ਸਫਾਈ ਕਰਦਿਆਂ ਜੋ ਗੰਦ-ਪਿੱਲ ਦੁਕਾਨ ਚੋਂ ਨਿਕਲਿਆ ਹੈ, ਉਹ ਮਿਊਂਸਪਲ ਕਰਮ-ਚਾਰੀਆਂ ਦੇ ਸਫਾਈ ਕਰ ਚੁਕਣ ਤੋਂ ਬਾਦ ਬਾਜ਼ਾਰਾਂ-ਸੜਕਾਂ ਵਿਚ ਬੇਦਰੇਗ਼ ਹੋ ਕੇ ਖਿਲਾਰਦੇ ਹਨ। ਉਹਨਾਂ ਨੂੰ ਨਾ ਤਾਂ ਮਿਊਂਸਪਲ ਅਧਿਕਾਰੀ ਤਾੜਨਾ ਕਰਦੇ ਹਨ, ਨਾ ਪੁਲਸ ਵਾਲੇ ਤੇ ਨਾ ਸਰਕਾਰ ਦਾ ਸਫ਼ਾਈ ਮਹਿਕਮਾ, ਪਬਲਿਕ ਨੇ ਤਾਂ ਭਲਾ ਇਸ ਤੇ ਕੀ ਨੋਟਿਸ ਲੈਣਾ ਹੋਇਆ।

ਇਸ ਦੇ ਉਲਟ, ਥਾਈਲੈਂਡ ਦੀ ਰਾਜਧਾਨੀ ਬੈਂਕੋਕ ਅਤੇ ਚਾਂਗਮਾਈ ਵਿਚ ਗਿਆ ਤਾਂ ਵੇਖਿਆ ਕਿ ਦੁਕਾਨਾਂ ਰਾਤ ਦੇ ਬਾਰਾਂ-ਇਕ ਵਜੇ ਤਕ ਖੁਲ੍ਹੀਆਂ ਰਹਿੰਦੀਆਂ ਹਨ, ਪਰ ਦੁਕਾਨ ਬੰਦ ਕਰਨ ਤੋਂ ਪਹਿਲਾਂ, ਆਪ ਦੁਕਾਨਦਾਰਾਂ ਨੇ (ਭਾਵੇਂ ਉਹ ਕੇਡੀ ਵਡੀ ਹੈਸੀਅਤ ਦੇ ਮਾਲਕ ਹੋਣ) ਦੁਕਾਨ ਦੀ ਸਫਾਈ ਕਰਨੀ ਹੈ। ਗਰਦ, ਕਾਗਜ਼ ਦੇ ਟੁਕੜੇ, ਖਾਲੀ ਡੱਬੇ ਜਾਂ ਅਜਿਹੀਆਂ ਨਾ-ਲੋੜੀਂਦੀਆਂ ਚੀਜ਼ਾਂ ਇਕ ਵੱਡੇ ਕਾਗਜ਼ ਜਾਂ ਲਕੜ ਦੇ ਡੱਬੇ ਵਿਚ ਪਾ ਦੁਕਾਨ ਦੇ ਸਾਹਮਣੇ ਬਾਹਰਵਾਰ ਧਰ ਦੇਣੀਆਂ ਹਨ, ਜੋ ਮਿਊਂਸਪਲ ਸਫ਼ਾਈ ਕਰਮਚਾਰੀ ਸਵੇਰੇ ਸਫ਼ਾਈ ਕਰਦੇ ਅਜਿਹੇ ਡਬੇ ਸਫ਼ਾਈ-ਛਕੜੇ ਵਿਚ ਲੱਦਦੇ ਤੁਰਦੇ ਜਾਂਦੇ ਹਨ ਤੇ ਸੂਰਜ ਚੜ੍ਹਨੋਂ ਪਹਿਲਾਂ ਸਾਫ. ਝਮਝਮਾਂਦੀਆਂ ਸੜਕਾਂ ਜਿਵੇਂ ਗਾਹਕਾਂ-ਦਰਸ਼ਕਾਂ ਨੂੰ ਉਤਸੁਕਤਾ ਨਾਲ ਉਡੀਕ ਰਹੀਆਂ ਹੋਣ।

ਸਿੰਘਾਪੁਰ ਦੇ ਟੂਰ ਸਮੇਂ ਵੇਖਿਆ ਕਿ ਸਾਡੇ ਵਰਗੇ ਲੋਕਾਂ ਲਈ ਜਗਹ ਬ-ਜਗਹ ਨੋਟਸ ਚਿਪਕੇ ਹੋਏ ਸਨ: "ਗੰਦ ਖਿਲਰਨ ਵਾਲਿਆਂ ਨੂੰ 100 ਡਾਲਰ ਜੁਰਮਾਨਾ"

ਇਕ ਦਿਨ ਮੈਂ ਇਹਨਾਂ ਏਸ਼ੀਅਨ ਦੇਸ਼ਾਂ ਦੀ ਸਫ਼ਾਈ ਤੋਂ ਪ੍ਰਭਾਵਤ ਹੋਇਆ ਗੁਰੂ ਜੀ ਨੂੰ ਕਹਿ ਬੈਠਾ ਕਿ ਇਸ ਤੋਂ ਵੱਧ ਕੀ ਸਫਾਈ ਹੋਣੀ ਹੈ। ਉਹਨਾਂ ਮੇਰੀ ਅਗਿਆਨਤਾ ਨੂੰ ਭਾਂਪਦਿਆਂ ਦਸਿਆ : 'ਸਫਾਈ ਦੇ ਪਖੋਂ ਕਵੀ ਜੀ ਜਦੋਂ ਜਪਾਨ ਵੇਖੋਗੇ ਤਾਂ ਅਸ਼ ਅਸ਼ ਕਰ ਉਠੋਗੇ। ਤੁਹਾਡੀ ਨਜ਼ਰ ਨੂੰ ਹਰ ਚੀਜ਼ ਜਗਮਗਾਂਦੀ ਤੇ ਚੁੰਧਿਆਂਦੀ ਹੀ ਲਗੇਗੀ। ਘਰਾਂ ਦੀਆਂ ਨੁਕਰਾਂ ਤੋਂ ਲੈ ਕੇ ਗਲੀ-ਬਜ਼ਾਰਾਂ ਤਕ, ਹਰ ਜਗਹ ਮੁਗਧਕਾਰੀ ਸਫ਼ਾਈ ਦਾ ਬੋਲਬਾਲਾ ਹੈ।

ਇੰਗਲੈਂਡ ਦੀ ਯਾਤਰਾ ਸਮੇਂ ਜੋ ਕੁਝ ਮੈਂ ਨੋਟ ਕੀਤਾ ਇਹ ਸਾਡੇ ਸਭ ਦੇ ਸਿਖਣ ਯੋਗ ਹੈ। ਯੂਰਪ ਵਿਚ ਕਾਗਜ਼ ਦੀ ਵਰਤੋਂ ਬਹੁਤ ਹੁੰਦੀ ਹੈ। ਸਾਨੂੰ ਤਾਂ ਕਾਗਜ਼ ਮਹਿਦੂਦ

ਵਰਕਿਆਂ ਵਾਲੇ ਅਖ਼ਬਾਰ ਛਾਪਣ ਲਈ ਪੂਰਾ ਨਹੀਂ ਮਿਲਦਾ ਪਰ ਓਥੇ ਰੁਮਾਲ ਕਾਗਜ਼ ਦੇ, ਪਿਕਨਿਕਾਂ ਸਮੇਂ ਵਰਤੇ ਜਾਣ ਵਾਲੇ ਬਰਤਨ ਕਾਗਜ਼ ਦੇ, ਡੱਬਿਆਂ, ਪੈਕਿੰਗਾਂ ਲਈ ਵਰਤੇ ਜਾਂਦੇ ਕਾਗਜ਼ਾਂ ਦਾ ਤਾਂ ਅੰਤ ਹੀ ਨਹੀਂ - ਤੇ ਅਖਬਾਰ ! 20-25 ਤੋਂ 50-60 ਸਫ਼ੇ ਤੋਂ ਘੱਟ ਹੋਣ ਦਾ ਸੁਆਲ ਹੀ ਨਹੀਂ । ਕਾਗਜ਼ ਦੀ ਏਨੀ ਅੰਨ੍ਹੀ ਵਰਤੋਂ ਕਰਨ ਦੇ ਬਾਵਜੂਦ ਤੁਸੀਂ ਕਿਸੇ ਸੜਕ ਤੇ, ਕਿਸੇ ਪਾਰਕ ਵਿਚ, ਕਿਸੇ ਹੋਰ ਪਬਲਿਕ ਸਥਾਨ ਤੇ ਕਾਗਜ਼ ਦਾ ਨਿਕੇ ਤੋਂ ਨਿਕਾ ਟੁਕੜਾ ਨਹੀਂ ਵੇਖ ਸਕਦੇ । ਪਾਰਕਾਂ ਨੂੰ ਹਰੇ ਕਚਾਹ ਤੇ ਸੁਅੱਛ ਨਜ਼ਰ ਪੈਂਦਿਆਂ ਰਖਣ ਲਈ ਵਡ-ਉਮਰੇ ਤੀਵੀਆਂ ਮਰਦਾਂ ਨੂੰ ਲੰਮੀਆਂ ਸੋਟੀਆਂ ਹੇਠ ਸੂਏ ਲਾਕੇ ਦਿਤੇ ਗਏ ਹਨ ਜੋ ਸੁੱਕੇ ਪੱਤਰਾਂ ਨੂੰ ਅੜੁੰਗੀ ਅਗੇ ਵਧੀ ਜਾਂਦੇ ਹਨ ਤੇ ਫੇਰ ਕੂੜਾ-ਢੋਲਾਂ ਵਿਚ ਖਾਲੀ ਕਰ ਆਉਂਦੇ ਹਨ।

ਸਫ਼ਾਈ ਦਾ ਵਿਆਪਕ ਪ੍ਰਬੰਧ ਬਹਾਲ ਰਖਣ ਲਈ ਯੂਰਪ ਵਾਲੇ ਸਮੇਤ ਸਾਡੇ ਲੋਕਾਂ ਦੇ ਜੋ ਵਿਦੇਸ਼ਾਂ ਵਿਚ ਨੌਕਰੀ ਧੰਧਾ ਕਰਦੇ ਹਨ, ਆਪਣੇ ਘਰਾਂ ਵਿਚ ਖਾਲੀ ਡੱਬੇ ਇਸ ਕੰਮ ਲਈ ਰਖਦੇ ਹਨ—ਕੇਸ ਵਾਹੇ, ਕਾਗਜ਼ ਪਾੜਿਆ, ਕਿਸੇ ਚੀਜ਼ ਦਾ ਪੈਕਟ ਖੋਲ੍ਹਿਆ, ਬੋਤਲ ਜਾਂ ਡੱਬਾ ਖਾਲੀ ਕੀਤਾ ਤਾਂ ਚੁਕ ਕੇ ਓਸ ਇਕਲਵਾਂਝੇ ਪਏ ਵਡੇ ਡੱਬੇ ਵਿਚ ਸੁੱਟ ਦਿਤਾ, ਥਾਂ ਬੁਹਾਰੀ ਤਾਂ ਜੋ ਗਰਦਾ ਵਗੈਰਾ ਨਿਕਲਿਆ ਉਸ ਵਿਚ ਪਾ ਦਿਤਾ, ਅਗੋਂ ਉਹ ਡੱਬਾ ਵਡੇਰੇ ਪਲਾਸਟਿਕ ਬੋਰੇ ਵਿਚ ਸੁੱਟੀ ਗਏ ਤੇ ਇਸ ਸਭ-ਕੁਝ ਨੂੰ ਮਿਊਂਸਪਲ-ਗੱਡੀਆਂ ਆਪਣੇ ਵਿਚ ਉਲੱਦਦੀਆਂ ਅਗੇ ਲੈ ਗਈਆਂ । ਮੈਂ ਸੁਣਿਆਂ ਕਿ ਅਜਿਹੀਆਂ ਗਡੀਆਂ ਵਿਚ ਕਾਗਜ਼ ਵਗੈਰਾ ਤਾਂ ਨਾਲੋ ਨਾਲ ਸਾੜੇ ਜਾਂਦੇ ਹਨ ਤੇ ਬਾਕੀ ਦੀ ਸਮਗਰੀ ਮੁੜ ਨਵਾਂ ਰੂਪ ਲੈਣ ਲਈ ਫੈਕਟਰੀਆਂ ਦੇ ਸਟੋਰਾਂ ਵਿਚ ਜਾ ਜੁੜਦੀ ਹੈ । ਹੋ ਤਾਂ ਕਾਗਜ਼ ਲਈ ਵੀ ਇਹੋ ਕੁਝ ਸਕਦਾ ਹੈ—ਮੁਮਕਿਨ ਹੈ ਮੈਨੂੰ ਕਿਸੇ ਗ਼ਲਤ ਦੱਸ ਦਿਤਾ ਹੋਵੇ । ਪਰ ਗੱਲ ਇਸ ਦੇ ਸਹੀ ਜਾਂ ਗ਼ਲਤ ਹੋਣ ਦੀ ਨਹੀਂ, ਉਸ ਪ੍ਰਬੰਧ ਦੀ ਅਤੇ ਚੰਗੀ ਆਦਤ ਦੀ ਹੈ ਜਿਸ ਕਾਰਨ ਸਾਰਾ ਦੇਸ਼ ਹੀ ਸਫਾਈ ਤੋਂ ਲਾਭ ਪ੍ਰਾਪਤ ਕਰਦਾ ਹੈ ।

'ਸਫਾਈ ਵਿਚ ਹੀ ਖੁਦਾਈ ਹੈ' ਸਾਡੇ ਦੇਸ਼ ਦਾ ਇਕ ਅਖਾਣ ਹੈ ਪਰ ਅਸਾਂ 'ਪਵਿਤਰ ਆਦਰਸ਼ਾਂ' ਵਾਲਿਆਂ ਨੇ ਏਨਾ ਪੁੱਠਾ ਰਾਹ ਆਪਣਾ ਲਿਆ ਹੈ ਕਿ ਪਿਛਲੇ ਥੋੜੇ ਸਮੇਂ ਦੀਆਂ ਖ਼ਬਰਾਂ ਨੇ 'ਨਾਸਤਕਾਂ ਵਿਚ ਵੀ ਰੱਬੀ ਵਿਸ਼ਵਾਸ' ਜਗਾ ਦਿਤਾ ਕਿ ਜੇ ਅਸੀਂ ਲੋਕ, ਚਾਹ ਦੀ ਥਾਂ ਤੇ ਲਿੱਦ, ਹਲਦੀ ਦੀ ਜਗ੍ਹਾ ਇੱਟਾਂ ਦਾ ਚੂਰਾ, ਘਿਉ ਦੇ ਨਾਂ ਤੇ ਗਰੀਸ, ਟੀਕਿਆਂ ਵਿਚ ਪਾਣੀ ਤੇ ਦੁੱਧ ਜਾਂ ਪੀਣ-ਪਦਾਰਥਾਂ ਦੀਆਂ ਬੰਦ ਬੋਤਲਾਂ ਵਿਚ ਟਿੱਡੀਆਂ-ਡੱਡੀਆਂ ਪ੍ਰਾਪਤ ਕਰਦੇ ਤੇ ਵਰਤਦੇ ਰਹਿ ਕੇ, ਫੇਰ ਵੀ ਮੌਤ-ਦਰ ਘਟਾ ਸਕੇ ਹਾਂ, ਕੁਝ ਭਿਆਨਕ ਰੋਗਾਂ ਤੇ ਕਾਬੂ ਪਾ ਸਕੇ ਹਾਂ ਤਾਂ ਭਾਰਤ ਵਾਸੀਆਂ ਦੀ ਧਰਮ ਪਰਾਇਣਤਾ ਤੇ ਹੀ ਅੱਲਾ-ਮੀਆਂ ਤ੍ਰੁੱਠਿਆ ਆ ਰਿਹਾ ਹੈ ।

ਸਫ਼ਾਈ ਦੇ ਪੱਖੋਂ ਅਸੀਂ ਕਿਸੇ ਸਰਕਾਰ ਨੂੰ ਬਹੁਤਾ ਦੋਸ਼ੀ ਨਹੀਂ ਗਰਦਾਨ ਸਕਦੇ । ਸਰਕਾਰਾਂ ਤਾਂ ਆਪਣੀ ਆਮਦਨ ਤੋਂ ਹੀ ਬਜਟਾਂ ਵਿਚ ਸ ਡੀ ਆਮ ਸਫ਼ਾਈ ਲਈ ਪ੍ਰਬੰਧ ਕਰ ਸਕਦੀਆਂ ਹਨ, ਪਰ ਅਸੀਂ ਏਸ ਗੱਲੋਂ ਵੀ ਸਿਰ ਕਢਵੇਂ ਹਾਂ ਕਿ ਸਰਕਾਰੀ ਖਜ਼ਾਨੇ ਵਿਚ ਜਾਣੋਂ ਆਪਣੇ ਲਖਾਂ ਰੁਪੈ ਹਰ ਸਾਲ ਬਚਾ ਕੇ, ਆਪਣੀ ਨਿੱਜੀ ਅਯਾਸ਼ੀ, ਦੁਰਾਚਾਰੀ, ਬਦਕਾਰੀ ਤੇ ਸੋਨੇ ਚਾਂਦੀ ਦੇ ਪਲੰਘ-ਪਾਵੇ ਬਣਾਣ ਵਿਚ ਦਿਲਚਸਪੀ ਰਖਦੇ ਹਾਂ ।

ਅਸਲ ਵਿਚ ਦੇਸ਼ ਦੀ ਸੁਤੰਤਰਤਾ ਤੋਂ ਬਾਦ ਦੇਸ਼ ਭਗਤੀ ਲੋਪ ਹੋ ਗਈ ਤੇ ਲੁਟ-ਖੋਹ ਤੇ ਸਵੈ-ਭਗਤੀ ਵਿਚ ਦਿਲਚਸਪੀ ਵਧ ਗਈ ਹੈ । ਵਖਾਵਿਆਂ ਤੇ ਹੁੰਦੇ ਖਰਚਿਆਂ ਨੂੰ ਵੇਖ ਕੇ ਹੈਰਤ ਗੁੰਮ ਹੋ ਜਾਂਦੀ ਹੈ ਕਿ ਦੁਨੀਆਂ ਦੇ ਵਡੇਰੇ ਧਰਮ ਪ੍ਰਸਤ ਦੇਸ਼ ਵਿਚ ਇਕ ਪਾਸੇ ਕਰੋੜਾਂ ਲੋਕ ਭੁਖੇ ਮਰਦੇ ਹਨ ਤੇ ਦੂਜੇ ਪਾਸੇ ਕੁਝ ਲੋਕ ਲੱਖਾਂ ਰੁਪਏ ਫਜ਼ੂਲ ਦੇ ਵਖਾਵਿਆਂ ਉਤੇ ਉਜਾੜ ਛਡਦੇ ਹਨ । ਇਹ ਵੀ ਗੰਦ ਹੈ । ਇਹ ਕੂੜਾ-ਕਰਕਟ ਸਾਡੇ ਮਨਾਂ ਅੰਦਰ ਵਿਆਪਕ ਹੈ ਕਿ ਅਸੀਂ ਅਪਣੇ ਘਰ ਦੀ ਸਫਾਈ ਕਰ ਕੇ ਕੂੜਾ ਗਲੀ ਬਜ਼ਾਰ ਵਿਚ ਸੁਟਦੇ ਹਾਂ । ਲੁੱਟ-ਖੋਹ ਤੇ ਟੈਕਸ ਚੋਰੀ ਦਆਰਾ ਕੀਤੀ ਕਮਾਈ ਨੂੰ ਇੰਜ ਬੇਕਿਰਕੀ ਨਾਲ ਵਰਤ ਕੇ ਭਾਵਨਾਵਾਂ ਦਾ ਕੂੜਾ ਅਸੀਂ ਸਮਾਜ ਤੇ ਵਗਾਹ ਮਾਰਦੇ ਹਾਂ ।

ਅਜ ਕਲ ਐਮਰਜੰਸੀ ਦੇ ਪ੍ਰਤਾਪ ਨਾਲ ਸੜਕਾਂ ਸਾਫ਼ ਨਜ਼ਰ ਆ ਰਹੀਆਂ ਹਨ । ਨਾਜਾਇਜ਼ ਸੜਕ-ਕਬਜ਼ੇ ਖ਼ਤਮ ਹੋ ਗਏ ਹਨ । ਬੇ ਪਰਵਾਹ ਸਫ਼ਾਈ ਕਰਮਚਾਰੀ ਸਾਰੀਆਂ ਥਾਵਾਂ ਧਿਆਨ ਨਾਲ ਸਾਫ਼ ਕਰ ਰਹੇ ਹਨ । ਐਮਰਜੰਸੀ ਨੂੰ ਗਾਂਧੀ ਜੀ ਦੇ ਉਤਰ-ਅਧਿਕਾਰੀ ਸੰਤ ਵਿਨੋਬਾ ਭਾਵੇ ਜੀ ਨੇ ਠੀਕ ਹੀ ਅਨੁਸ਼ਾਸਨ ਪਰਵ ਆਖਿਆ ਹੈ । ਅਨੁਸ਼ਾਸਨ ਵਿਚ ਜਿੰਦ ਆਈ ਹੈ । ਜੋ ਕਾਇਮ ਰਹਿਣੀ ਚਾਹੀਦੀ ਹੈ । ਸਾਡਾ ਦੇਸ਼ ਛੇਤੀ ਹੀ ਹਰ ਪਖੋਂ ਦੁਨੀਆਂ ਦੇ ਚੰਗੇ ਤਕੜੇ ਦੇਸ਼ਾਂ ਦੇ ਟਾਕਰੇ ਵਿਚ ਆਉਣ ਵਾਲਾ ਹੈ ਤੇ ਇਹ ਅਨੁਸ਼ਾਸਨ ਸਾਨੂੰ ਇਸ ਯੋਗ ਬਣਾਏਗਾ ਕਿ ਬਾਹਰੋਂ ਆਏ ਸੈਲਾਨੀ ਸਾਡੇ ਦੇਸ਼ ਦੇ ਮਾਣ ਭਰੇ ਪੱਖ ਵੇਖ ਸੱਕਣ ।

ਸਾਨੂੰ ਹਰ ਇਕ ਨੂੰ ਦੇਸ਼ ਨੂੰ ਸਵਾਰਨ-ਸ਼ਿੰਗਾਰਨ ਵਿਚ ਸਰਕਾਰਾਂ ਦਾ ਹੱਥ ਵਟਾਣਾ ਚਾਹੀਦਾ ਹੈ—ਇਸ ਨਾਲ ਸਾਡਾ ਦੇਸ਼ ਸੰਵਰੇ ਗਾ ਤੇ ਉਹਦਾ ਅਸਰ ਸਾਡੇ ਆਪਣੇ ਘਰ ਤੇ ਵੀ ਪਏਗਾ ।

ਸਾਡਾ ਦੇਸ਼ ਧਰਮ ਪਰਾਇਣ ਹੈ । ਇਹ ਪੁਲ਼ੀਟੀਕਲ ਲੋਕਾਂ ਦੀ ਓਨੀ ਮਾਨਤਾ ਨਹੀਂ ਕਰਦਾ ਜਿੰਨੀ ਸਾਧੂਆਂ ਸੰਤਾਂ ਦੀ । ਗੁਰਦਵਾਰਿਆਂ ਤੇ ਮੰਦਰਾਂ ਮਸੀਤਾਂ ਦੀਆਂ ਪ੍ਰਬੰਧਕ ਕਮੇਟੀਆਂ ਵੀ ਓਨੀ ਪਬਲਿਕ ਅਪੀਲ ਨਹੀਂ ਰਖਦੀਆਂ ਜਿੰਨੇ ਸਾਧੂ-ਸੰਤਾਂ ਦੇ ਜਥੇ ਦਿਨਾਂ ਵਿਚ ਮੰਦਰ ਉਸਾਰ ਧਰਦੇ, ਕਾਰ-ਸੇਵਾ ਦਾ ਯਗ ਆਰੰਭ ਕਰਕੇ ਲੱਖਾਂ ਰੁਪਿਆਂ ਦੀ ਬੱਚਤ ਤੇ ਖ਼ਰਚ ਕਰਦੇ-ਕਰਵਾਂਦੇ ਹਨ । ਅੱਜ ਉਹਨਾਂ ਮਹਾਂ ਪੁਰਸ਼ਾਂ ਤੇ ਸਾਧੂਆਂ-ਸੰਤਾਂ ਦਾ ਬੜਾ ਉਪਕਾਰ ਗਿਣਿਆ ਜਾਵੇਗਾ ਜੋ ਦੇਸ਼ ਦੇ ਹਿਤ ਵਿਚ ਉਠ ਖਲੋਣ । ਆਪਣੇ ਉਪਦੇਸ਼ਾਂ ਵਿਚ ਦੇਸ਼ ਅਤੇ ਦੇਸ਼ ਦੀ ਸਫ਼ਾਈ ਦੀ ਮਹਤਤਾ ਦਰਸਾਣ ਤੇ ਆਪ ਅੰਗੇ ਹੋ ਕੇ, ਆਪਣੇ ਸੇਵਕਾਂ-ਸਹਾਇਕਾਂ ਨੂੰ ਨਾਲ ਲੈ ਕੇ, ਸ਼ਹਿਰ-ਸ਼ਹਿਰ ਪਿੰਡ-ਪਿੰਡ ਫਿਰ ਸਕਣ, ਅਣ-ਪੁਛੀਆਂ ਗਲੀਆਂ ਨੂੰ ਸਾਫ਼ ਕਰ-ਕਰਵਾਕੇ ਪਿੰਡਾਂ ਵਿਚ ਸਵਰਗ ਸਿਰਜਣ । ਅਤੇ ਇਸਦਾ ਆਰੰਭ ਜਨਤਾ ਜਨਾਰਦਨ ਦੇ ਨਿਵਾਸ ਪਿੰਡਾਂ ਵਿਚੋਂ ਹੀ ਹੋਣਾ ਚਾਹੀਦਾ ਹੈ । ਸ਼ਹਿਰਾਂ ਦੀਆਂ ਗੰਦੀਆਂ ਬਸਤੀਆਂ ਵਿਚ ਵੀ ਇਹ ਸੇਵਾ ਦੇ ਕੁੰਭ ਲਗਣੇ ਚਾਹੀਦੇ ਹਨ । ਇਹ ਵਧੀਆ ਆਦਮੀ ਜੇ ਅੱਗੇ ਆਉਣ ਤਾਂ ਯਕੀਨ ਹੈ ਕਿ ਇੱਕੋ ਸਾਲ ਦੇ ਅੰਦਰ ਅੰਦਰ ਸਾਰਾ ਦੇਸ਼ ਸੁਅੱਛ ਅਤੇ ਸੁੰਦਰ ਬਣ ਜਾਵੇ । ਜੇ ਸਾਡੇ ਪਾਸ ਪੈਸਾ ਨਹੀਂ ਤਾਂ ਉਦਮ ਅਤੇ ਸੂਝ ਤਾਂ ਹੈ, ਇਸ ਦੀ ਵਰਤੋਂ ਥੋਹੜਿਓਂ ਬਾਹਲਾ ਕਰ ਦੇਵੇਗੀ ।

ਹੈ ਕੋਈ ਐਸਾ ਮਹਾਪੁਰਸ਼ ਜੁ ਦੇਸ਼ ਨੂੰ ਮੰਦਰ ਗੁਰ-ਦੁਆਰਾ ਸਮਝਕੇ, ਇਸ ਦੀ ਵਸੋਂ ਨੂੰ ਭਗਵਾਨ ਦੀਆਂ ਮੂਰਤੀਆਂ ਮੰਨ ਕੇ-ਅੱਗੇ ਆਵੇ ਤੇ ਸਾਡੇ ਥਾਂ ਪਰ ਥਾਂ ਕੋਝੇ ਦਿਸਦੇ ਦੇਸ਼ ਨੂੰ ਸੁਹਜ ਸੁਆਦ ਦੀਆਂ ਸਿਖਰਾਂ ਤਕ ਲੈ ਜਾਵੇ । ਪਰ ਜੇ ਇਹ ਸੰਤ-ਲੋਕ ਨਿਜੀ ਸੁਖ-ਸੁਆਦ ਚੋਂ ਨਾ ਵੀ ਨਿਕਲ ਸਕਣ ਤਾਂ ਅਸੀਂ ਆਪ ਤਾਂ ਆਪਣੇ ਆਲੇ ਦੁਆਲੇ ਵਿਚ ਗੰਦ ਖਿਲਾਰਨੋਂ ਹਟ ਸਕਦੇ ਹਾਂ । ਜੇ ਅਸੀਂ ਗੰਦ ਖਿਲਾਰਨੋਂ ਹੀ ਹਟ ਜਾਈਏ ਤਾਂ ਸਫ਼ਾਈ ਜੁਗ ਦਾ ਆਰੰਭ ਹੋ ਜਾਵੇਗਾ । ●

ਕਹਾਣੀ

ਵਾਰਡ ਨੰ:-੬

—ਪ੍ਰਕਾਸ਼

'ਰਾਤ ਨੂੰ ਮਰੀਜ਼ ਤੋਂ ਇਲਾਵਾ ਹੋਰ ਕਿਸੇ ਨੂੰ ਹਸ-ਪਤਾਲ ਦੇ ਵਾਰਡ ਵਿਚ ਸੌਣ ਨਹੀਂ ਦੇਂਦੇ' ਇਹ ਰਾਤ ਦੀ ਡਿਊਟੀ ਵਾਲੀ ਨਰਸ ਨੇ ਨੱਕ ਚੜ੍ਹਾ ਕੇ ਕਿਹਾ ਸੀ।

ਖੈਰ ਮੈਂ ਨਰਸ ਤੋਂ ਕੀ ਲੈਣਾ ਸੀ, ਮੈਂ ਦੇਖਿਆ ਮਾਂ ਸੌਂ ਰਹੀ ਸੀ, ਵਾਰਡ ਦੇ ਬਾਹਰ ਵਾਲੀ ਪਟੜੀ ਤੇ ਮੈਂ ਲੇਟ ਗਿਆ ਪਰ ਮਛਰਾਂ ਦੀ ਭਰਮਾਰ ਕਰਕੇ ਸੌਂ ਨਾ ਸਕਿਆ, ਮੈਨੂੰ ਇੰਜ ਲਗਾ ਜਿਵੇਂ ਮਾਂ ਬੁਲਾ ਰਹੀ ਹੋਵੇ, ਪਲਟ ਕੇ ਦੇਖਿਆ, ਐਵੇਂ ਭਰਮ ਹੀ ਸੀ, ਉਹ ਅਜੇ ਵੀ ਸੌਂ ਰਹੀ ਸੀ, ਮੈਂ ਮਾਂ ਵੱਲ ਦੇਖਦਾ ਰਿਹਾ, ਵਿਚਾਰੀ ਕਿੰਨੀ ਥੱਕ ਕੇ ਚੂਰ ਹੋ ਚੁਕੀ ਹੋਵੇਗੀ ਜੋ ਇਸ ਨੀਂਦ ਵਿਜ ਪਈ ਹੈ।

ਸੌਣ ਬਾਰੇ ਫਿਰ ਸੋਚਦਾ ਹਾਂ।

ਏਨੇ ਨੂੰ ਇਕ ਬੈਂਚ ਲਿਆ ਕੇ ਵਾਰਡ ਤੋਂ ਬਾਹਰ ਰਖ ਦਿਤਾ ਗਿਆ, ਪਤਾ ਲਗਾ ਕਿ ਇਹ ਮਰੀਜ਼ ਮਰ ਚੁਕਾ ਹੈ ਤੇ ਇਸਦੇ ਘਰਦਿਆਂ ਨੂੰ ਦਸਣ ਲਈ ਬੰਦਾ ਵੀ ਭੇਜ ਦਿਤਾ ਗਿਆ ਹੈ। ਪਰ...ਪਰ ਕਿੰਨਾ ਗਲਤ ਲਗਦਾ ਹੈ. ਕਰਾਹ ਰਹੇ ਲੋਕਾਂ ਦੇ ਵਿਚ ਇਕਲਿਆਂ ਮਰ ਜਾਣਾ, ਜਦ ਕਿ ਆਪਣੇ ਕਿਸੇ ਨੂੰ ਕੋਈ ਪਤਾ ਵੀ ਨਾ ਲਗ ਸਕੇ, ਇਕ ਦਮ ਲਾਵਾਰਿਸ ਜਿਹਾ।

ਅੱਖ ਅਜ ਲਗੀ ਨਹੀਂ ਸੀ, ਸਿਰਫ ਮੀਟੀਆਂ ਹੀ ਹੋਈਆਂ ਸਨ।

ਕੁਝ ਲੋਕਾਂ ਦੇ ਪਦਚਾਪ ਦੀ ਆਵਾਜ਼।

ਘੁਸਰ-ਮੁਸਰ।

ਅਖਾਂ ਖੋਹਲ ਕੇ ਵੇਖਿਆ, ਸ਼ਾਇਦ ਉਸ ਮਰੀਜ਼ ਦੇ ਵਾਰਿਸ ਆ ਗਏ ਸਨ, ਜਿਸਦਾ ਬੈਂਚ ਥੋੜ੍ਹੀ ਦੇਰ ਪਹਿਲਾਂ ਬਾਹਰ ਕਢਿਆ ਸੀ।

ਇਕ ਨੌਜਵਾਨ, ਜਿਸਮ ਦਾ ਪਤਲਾ, ਹਾਲਤ ਵੈਸੀ ਹੀ ਪਤਲੀ ਦਿਸਣ ਵਾਲਾ ਮਰੀਜ ਦੀ ਛਾਤੀ ਤੇ ਸਿਰ ਰਖਕੇ ਕੁਝ ਸੁਨਣ ਦੀ ਕੋਸ਼ਿਸ਼ ਕਰ ਰਿਹਾ ਸੀ, ਜਿਵੇਂ ਉਹ ਮਰੀਜ਼ ਮਰਿਆ ਨਾ ਹੋਵੇ।

ਉਹ ਇਕ ਦਮ ਸਿਧਾ ਹੋਇਆ, ਚਾਰੇ ਪਾਸੇ ਨਜ਼ਰ ਦੌੜਾਈ, ਫਿਰ ਬੋਲਿਆ।

'ਨਹੀਂ, ਮੇਰੀ ਮਾਂ ਅਜੇ ਮਰੀ ਨਹੀਂ.. ਛਾਤੀ ਵਿਚੋਂ ਆਵਾਜ਼ ਆ ਰਹੀ ਏ।

ਉਹ ਛੇਤੀ ਨਾਲ ਵਾਰਡ ਦੇ ਅੰਦਰ ਗਿਆ ਡਿਊਟੀ ਵਾਲੇ ਡਾਕਟਰ ਨੂੰ ਨਾਲ ਲੈ ਕੇ ਆ ਗਿਆ।

"ਡਾਕਟਰ ਸਾਹਿਬ, ਤੁਸੀਂ ਧਿਆਨ ਨਾਲ ਚੇਕ ਕਰੋ, ਮੇਰੀ ਮਾਂ ਮਰੀ ਨਹੀਂ," ਛਾਤੀ ਤੇ ਝੁਕ ਕੇ, ਦੇਖੋ ਛਾਤੀ ਵਿਚੋਂ ਕੋਈ ਆਵਾਜ਼ ਆ ਰਹੀ ਏ।

ਡਾਕਟਰ ਨੇ ਅਨਮਨੇ ਜਿਹੇ ਦਿਲ ਨਾਲ ਸਟੈਥੋਸਕੋਪ ਮਰੀਜ਼ ਦੀ ਛਾਤੀ ਤੇ ਧਰਿਆ, ਦੋ ਤਿੰਨ ਜਗ੍ਹਾ ਤੋਂ ਚੈਕ ਕਰਨ ਤੋਂ ਬਾਅਦ ਉਹ ਸਿੱਧਾ ਖਲੋ ਗਿਆ, ਚਸ਼ਮਾ ਉਤਾਰ ਆਪ-ਣੀਆਂ ਅਖਾਂ ਰੁਮਾਲ ਨਾਲ ਸਾਫ ਕੀਤੀਆਂ, ਸ਼ਾਇਦ ਪਸੀਨਾ ਕੁਝ ਜ਼ਿਆਦਾ ਆ ਗਿਆ ਸੀ। ਫਿਰ ਉਸ ਲੜਕੇ ਵਲ ਮੂੰਹ ਕਰਕੇ ਕਿਹਾ,"

'ਇਹ ਜ਼ਿੰਦਾ ਨਹੀਂ ਹੈ, ਵਾਕਈ ਮਰ ਗਈ ਏ।

ਲੜਕੇ ਨੂੰ ਯਕੀਨ ਨਹੀਂ ਆ ਰਿਹਾ। ਇਹ ਉਸਦੇ ਚਿਹਰੇ ਤੋਂ ਹੀ ਨਜ਼ਰ ਆ ਰਿਹਾ ਸੀ। ਉਸ ਨੇ ਸਿਰ ਜਿਹਾ ਫੇਰਿਆ, ਤੇ ਫੇਰ ਮਰੀਜ਼ ਦੀ ਛਾਤੀ ਤੇ ਸਿਰ ਰੱਖ ਕੇ ਕੁਝ ਸੁਨਣ ਜਿਹਾ ਲਗਾ, ਉਹ ਫਿਰ ਖਲੋ ਗਿਆ। ਆਪਣੇ ਚਾਰੇ ਪਾਸੇ ਖੜੇ ਲੋਕਾਂ ਵੱਲ ਇਕ ਇਕ ਦੇ ਚੇਹਰੇ ਨੂੰ ਦੇਖਿਆ ਤੇ ਫਿਰ ਸਾਰਿਆਂ ਨੂੰ ਸੰਬੋਧਨ ਕਰਦਾ ਬੋਲਿਆ,

'ਦੇਖੋ ਡਾਕਟਰ ਝੂਠ ਬੋਲਦਾ ਏ, ਮੇਰੀ ਮਾਂ ਅਜੇ ਮਰੀ ਨਹੀਂ, ਇਹ ਸਿਰਫ ਇਲਾਜ ਕਰਨ ਦੇ ਮਾਰੇ ਝੂਠ ਬੋਲ ਰਹੇ ਨੇ।'

ਉਸ ਨੇ ਥੋੜੀ ਵਿੱਥ ਤੇ ਜਾ ਰਹੇ ਦੂਸਰੇ ਡਾਕਟਰ ਨੂੰ ਦੇਖ ਫਿਰ ਅਵਾਜ਼ ਮਾਰੀ।

'ਡਾਕਟਰ ਸਾਹਿਬ, ਡਾਕਟਰ ਸਾਹਿਬ,'

ਡਾਕਟਰ ਖਲੋ ਗਿਆ।

'ਡਾਕਟਰ ਸਾਹਿਬ, ਇਕ ਮਿੰਟ ਤੁਸੀਂ ਦੇਖੋ, ਮੇਰੀ ਮਾਂ ਅਜੇ ਮਰੀ ਨਹੀਂ, ਇਹ ਡਾਕਟਰ ਠੀਕ ਤਰ੍ਹਾਂ ਦੇਖ ਨਹੀਂ ਰਿਹਾ'

ਮੈਂ ਦੇਖਿਆ ਡਿਊਟੀ ਤੇ ਖੜੀ ਨਰਸ ਹਸੀ ਜਾ ਰਹੀ ਸੀ, ਜਿਵੇਂ ਇਸ ਤੋਂ ਵਡਾ ਮਜ਼ਾਕ ਉਸ ਨੇ ਕਦੀ ਦੇਖਿਆ ਜਾਂ ਸੁਣਿਆ ਨਾ ਹੋਵੇ ਤੇ ਡਾਕਟਰ ਬੁਲਾਂ 'ਚ ਹੀ ਮੁਸਕਰਾ ਕੇ ਉਸਦਾ ਸਾਥ ਦੇ ਰਿਹਾ ਸੀ।

ਦੂਸਰਾ ਡਾਕਟਰ ਆਇਆ, ਉਸ ਨੇ ਮਰੀਜ਼ ਦੀ ਨਬਜ਼ ਦੇਖੀ, ਫਿਰ ਛਾਤੀ ਤੇ ਦਬਾਅ ਪਾ ਕੇ ਦੇਖਿਆ, ਇਕ ਦੋ ਜਗ੍ਹਾ ਸਟੈਥੋ ਸਕੋਪ ਲਾਇਆ ਤੇ ਉਹ ਵੀ ਉਸ ਨੂੰ ਮਰੀ ਹੋਈ ਘੋਸ਼ਿਤ ਕਰਕੇ ਚਲਾ ਗਿਆ।

ਲੜਕਾ ਹਥ ਹਿਲਾਂਦਾ ਹਸਪਤਾਲ ਦੇ ਬੂਹੇ ਵਲ ਚਲਾ ਗਿਆ ।

ਨਰਸ ਨੇ ਦੂਰ ਜਾਂਦੀ ਇਕ ਹੋਰ ਨਰਸ ਨੂੰ ਆਵਾਜ਼ ਮਾਰੀ ।

"ਸਿਸਟਰ, ਉਰੇ ਆਉ ਤੁਹਾਨੂੰ ਜੋਕ ਸੁਣਾਵਾਂ।"

ਪਰ ਉਹ ਨਾ ਆਈ ਸ਼ਾਇਦ ਕੋਈ ਕੰਮ ਹੋਵੇ ਉਸ ਨੂੰ, ਵੈਸੇ ਕੰਮ ਘਟ ਹੀ ਹੁੰਦਾ ਹੈ ਇਹਨਾਂ ਨੂੰ।

ਮੈਂ ਆਪਣੀ ਮਾਂ ਵਲ ਵੇਖਿਆ ਉਹ ਉਸੇ ਤਰ੍ਹਾਂ ਲੰਮੀ ਪਈ ਹੋਈ ਸੀ, ਮੈਨੂੰ ਇੰਝ ਲਗਾ ਜਿਵੇਂ ਉਸ ਦਾ ਸਾਹ ਨਾ ਆ ਰਿਹਾ ਹੋਵੇ । ਮੈਂ ਇਕਦਮ ਉਠਿਆ ਤੇ ਉਸ ਦੇ ਬੇਡ ਕੋਲ ਚਲਾ ਗਿਆ । ਮੈਂ ਧਿਆਨ ਨਾਲ ਦੇਖਿਆ ਉਹ ਸੋਂ ਰਹੀ ਸੀ ।

ਮੈਂ ਵਾਰਡ ਤੋਂ ਬਾਹਰ ਸਿਗਰਟ ਸੁਲਗਾ ਲਈ,
ਕੁਝ ਫਜ਼ੂਲ ਜਿਹੇ ਖਿਆਲ ।
ਫਿਲਮ ਦੇ ਹੀਰੋ ਦੀ ਮਾਂ ਦਾ ਮਰਨਾ,
ਆਕਾਸ਼ 'ਚੋਂ ਕਿਸੇ ਦਰਦ ਭਰੇ ਗੀਤ ਦਾ ਵਜਣਾ ।

ਪਰ ਇਸ ਵਕਤ ਵੀ ਕਿਸੇ ਦੀ ਮਾਂ ਦੀ ਮੌਤ ਹੋਈ ਹੈ, ਕੋਈ ਗੀਤ ਸੁਣਾਈ ਨਹੀਂ ਦੇ ਰਿਹਾ । ਫਰਕ ਸਿਰਫ ਏਨਾ ਹੈ ਕਿ ਗੀਤ ਦੀ ਜਗ੍ਹਾ ਨਰਸ ਦਾ ਹਾਸਾ ਕਦੀ ਕਦੀ ਗੂੰਜ ਜਾਂਦਾ ਹੈ, ਅਜ, ਸ਼ਾਇਦ ਦੁਨੀਆਂ ਦਾ ਸਭ ਤੋਂ ਵੱਡਾ ਮਜ਼ਾਕ ਉਸ ਨੇ ਸੁਣਿਆ ਹੋਵੇ ।

ਕੋਈ ਚੀਕਦਾ ਹੋਇਆ ਫਿਰ ਆਉਂਦਾ ਹੈ ।

ਉਹ ਲੜਕਾ ਇਕ ਰੇੜ੍ਹੀ ਧਕੀ ਫਿਰ ਉਸੀ ਬੈਡ ਕੋਲ ਆਉਂਦਾ ਹੈ ।

'ਦੇਖਣਾ ਡਾਕਟਰ ਸਾਹਿਬ ਮੇਰੀ ਮਾਂ ਸਵੇਰ ਤੋਂ ਫਿਰ ਗਲਾਂ ਕਰੇਗੀ, ਮਾਂ ਤੂੰ ਘਬਰਾ ਨਾ ਤੂੰ ਮਰੀ ਨਹੀਂ ।

ਉਸ ਰੇੜ੍ਹੀ ਧਕਣੀ ਸ਼ੁਰੂ ਕੀਤੀ, ਤੇ ਨਾਲ ਹੀ ਬੋਲਣਾ ।

ਤੇ ਉਸ ਦੀ ਆਵਾਜ਼ ਉਸ ਸਿਆਹ ਰਾਤ ਦੀ ਚੁੱਪ ਨੂੰ ਝੰਜੋੜਦੀ ਹੋਈ ਹੌਲੀ ਹੌਲੀ ਹਸਪਤਾਲ ਤੋਂ ਬਾਹਰ ਚਲੀ ਗਈ।

ਹਸਪਤਾਲ ਵਿਚ ਕਿਤੇ ਕਿਤੇ ਕਿਸੇ ਮਰੀਜ਼ ਦੀ ਕਰਾਹਉਣ ਦੀ ਆਵਾਜ਼ ਜਾਂ ਨਰਸ ਦੀ ਦਬੀ ਦਬੀ ਹੰਸੀ ।

ਮੇਰੀ ਆਪਣੀ ਮਾਂ ਵੀ ਮਰ ਗਈ ਸੀ ।

ਕਈ ਵਾਰੀ ਸੋਚਦਾ ਹਾਂ, ਕਿੰਨਾ ਅਜੀਬ ਹੁੰਦਾ ਹੈ ਕਿਸੇ ਦਾ ਇਕਦਮ ਮਰ ਜਾਣਾ । ਸਭ ਕੁਝ ਠੀਕ ਹੋਣ ਦੇ ਬਾਵਜੂਦ ਯਕੀਨ ਨਹੀਂ ਆਉਂਦਾ ਰਾਤ ਨੂੰ ਕਈ ਵਾਰੀ ਜਦ ਦੇਰ ਤਕ ਬੱਤੀ ਜਗਦੀ ਰਹਿੰਦੀ ਏ ਤਾਂ ਇੰਜ ਲਗਦਾ ਕਿ ਹੁਣੇ ਮਾਂ ਅੰਦਰ ਆਵੇਗੀ ਤੇ ਕੋਲ ਆ ਕੇ ਪੁਛੇਗੀ ।

"ਰਾਜ ਤੂੰ ਅਜੇ ਸੁਤਾ ਨਹੀਂ ।

ਪਰ ਉਹਨਾਂ ਹਸਪਤਾਲ ਦੀਆਂ ਰਾਤਾਂ ਤੋਂ ਬਾਅਦ ਮਾਂ ਨੇ ਕਦੀ ਕਮਰੇ ਵਿਚ ਕਦਮ ਨਹੀਂ ਰਖਿਆ, ਕਦੀ ਏਹ ਬੋਲ ਫਿਰ ਨਹੀਂ ਸੁਣਾਈ ਦਿਤੇ । ●

ਕਹਾਣੀ

ਪਿਤਾ

—ਜਸਵੰਤ ਸਿੰਘ 'ਵਿਰਦੀ'

ਸ਼ਾਮ ਢਲ ਗਈ ਸੀ ਤੇ ਨਵੰਬਰ ਦੇ ਸ਼ੁਰੂ ਦੀ ਸਰਦੀ ਸ਼ੁਰੂ ਹੋ ਰਹੀ ਸੀ—ਇਸ ਸਰਦੀ ਵਿਚ, ਹੀ ਪਿਤਾ ਕਈ ਵਰ੍ਹਿਆਂ ਪਿਛੋਂ ਘਰ ਆਇਆ ਤਾਂ ਉਹਨੇ ਸਹਿਮੀ ਹੋਈ ਰਾਤ ਦੇ ਹਨੇਰੇ ਵਿਚ ਵੇਖਿਆ ਕਿ ਉਹਦੇ ਮਗਰੋਂ ਉਹਦੇ ਪੁਤਰਾਂ ਨੇ ਘਰ ਦੇ ਬਾਹਰਲੇ ਕੋਨੇ ਵਿਚ ਲਗਾ ਹੋਇਆ, ਉਹਦਾ ਅਨਾਰਾਂ ਦਾ ਬੂਟੜਾ ਕੱਟ ਦਿਤਾ ਸੀ ਤੇ ਉਹਦੀ ਥਾਂ ਤੇ ਇਕ ਛੋਟੀ ਜਿਹੀ ਇਕਹਰੀ ਇੱਟ ਦੀ ਬੈਠਕ ਬਣਾ ਲਈ ਸੀ, ਟੀਨ ਦੀਆਂ ਚਦਰਾਂ ਦੀ ਛੱਤ ਵਾਲੀ।

ਉਹਦਾ ਖਿਆਲ ਸੀ ਕਿ ਜਦੋਂ ਉਹ ਰਾਤ ਦੇ ਹਨੇਰੇ ਵਿਚ ਘਰ ਪੁਜੇਗਾ ਤਾਂ ਸਭ ਤੋਂ ਪਹਿਲਾਂ ਉਹਦਾ ਅਨਾਰਾਂ ਦਾ ਬੂਟੜਾ ਉਹਦਾ ਸੁਆਗਤ ਕਰੇਗਾ ਤੇ ਫੇਰ...ਬੱਚੇ! ਉਹਦੀ ਪਤਨੀ ਤੇ ਹੋਰ ਲੋਕ। ਪਰ ਇਹ ਉਹਦੀ ਕੇਵਲ ਇਕ ਖਾਹਸ਼ ਹੀ ਰਹਿ ਗਈ। ਅਨਾਰਾਂ ਦੇ ਬੂਟੜੇ ਦੀਆਂ ਨਰਮ ਨਾਜ਼ਕ ਸ਼ਾਖਾਂ ਦੀ ਥਾਂ ਸਥੂਲ ਇੱਟਾਂ ਹਕੀਕਤ ਦੀ ਦੁਨੀਆਂ ਵਾਂਗ ਉਹਦੇ ਸਾਹਮਣੇ ਖਲੋਤੀਆਂ ਸਨ, ਆਪਣੀ ਪੂਰੀ ਸ਼ਕਤੀ ਨਾਲ ਆਕਾਸ਼ ਵਲ ਨੂੰ ਉਸਰੀਆਂ ਹੋਈਆਂ।

ਜਦੋਂ ਪਿਤਾ ਘਰ ਅੰਦਰ ਪੁਜਾ ਤਾਂ ਉਹਦੇ ਪੁਤਰ ਨੇ ਉਸ ਬੈਠਕ ਵਿਚ, ਆਪਣੇ ਮਿਤਰਾਂ ਨਾਲ ਮਹਿਫਲ ਲਾਈ ਹੋਈ ਸੀ ਤੇ ਹਾਸੇ ਠੱਠੇ ਦੀਆਂ ਆਵਾਜ਼ਾਂ ਵਾਤਾਵਰਣ ਨੂੰ ਚੀਰ ਰਹੀਆਂ ਸਨ। ਉਹਦੀ ਧੀ ਛਿੰਦੋ ਵੀ ਉਥੇ ਬੈਠੀ ਸੀ। ਇਕ ਬਾਲੜੀ ਜਿਹੀ ਕੁੜੀ, ਜਿਹੜੀ ਕਿਸੇ ਨਾਲ ਗੱਲ ਨਹੀਂ ਸੀ ਕਰਦੀ, ਹੁਣ ਹਸ ਰਹੀ ਸੀ.........ਆਪਣੇ ਮਖਸੂਸ ਅੰਦਾਜ਼ ਵਿਚ। ਜਿਵੇਂ ਉਸ ਨੂੰ ਆਪਣੀ ਵਧ ਰਹੀ ਉਮਰ ਤੇ ਨਿਖਰ ਰਹੇ ਰੂਪ ਦਾ ਅਹਿਸਾਸ ਹੋ ਗਿਆ ਹੋਵੇ।

ਉਹਦੀ ਹੋਂਦ ਤੋਂ ਬਗੈਰ ਵੀ ਹਰ ਚੀਜ਼ ਠੀਕ ਠਾਕ ਸੀ, ਸਹੀ ਸਲਾਮਤ ਵੀ।

ਪਿਤਾ ਘਰ ਅੰਦਰ ਦਾਖਲ ਹੋ ਕੇ ਬਹੁਤਾ ਖੁਸ਼ ਨਾ ਹੋ ਸਕਿਆ। ਜਦੋਂ ਉਹ ਵਿਹੜੇ ਤੋਂ ਅਗੇ ਘਰ ਦਾ ਬਰਾਂਡਾ ਲੰਘ ਕੇ ਦਲਾਨ ਅੰਦਰ ਗਿਆ ਤਾਂ ਰਸੋਈ ਵਿਚ ਬੈਠੀ, ਇਕੱਲਤਾ ਦੀ ਮੂਰਤੀ, ਰੋਟੀ ਪਕਾ ਰਹੀ ਉਹਦੀ ਪਤਨੀ, ਮੈਲੇ ਕਪੜਿਆਂ ਸਮੇਤ ਉਹਦੇ ਮਗਰੇ ਮਗਰ ਅੰਦਰ ਚਲੀ ਗਈ। ਉਹ ਹੈਰਾਨ ਵੀ ਸੀ ਤੇ ਮੁਸਕਰਾ ਵੀ ਰਹੀ ਸੀ। ਅਜ ਕਲ ਹੀ ਉਹ ਨੂੰ ਬਚਿਆਂ ਦੇ ਪਿਤਾ ਦੇ ਆਉਣ ਦੀ ਆਸ ਸੀ.........। ਉਹਨੇ ਵੇਖਿਆ ਉਹਦੇ ਪਤੀ ਦੇ ਹੱਥ ਵਿਚ ਕੇਵਲ ਇਕ ਅਟੈਚੀ ਹੀ ਸੀ।

ਜਦੋਂ ਉਹ ਘਰੋਂ ਗਿਆ ਸੀ, ਤਾਂ ਵੀ ਉਹਦੇ ਕੋਲ ਕੇਵਲ ਇਕ ਅਟੈਚੀ ਹੀ ਸੀ। ਪਰ ਹੁਣ ਉਹਦੀ ਦਾੜ੍ਹੀ ਧੌਲੀ ਹੋ ਗਈ ਸੀ ਤੇ ਸਰੀਰ? ਜਿਵੇਂ ਬਿਰਛ ਦੀ ਸੁੱਕੀ ਹੋਈ ਛਿੱਲੜ ਵਰਗਾ ਹੋਈ ਜਾ ਰਿਹਾ ਹੋਵੇ। ਉਦੋਂ ਜਦੋਂ ਉਹ ਪਰਦੇਸ ਵਲ ਗਿਆ ਸੀ ਤਾਂ ਉਹਦੇ ਬੱਚੇ ਉਹਦੀ ਪਤਨੀ ਸਮੇਤ ਦਰਵਾਜ਼ੇ ਵਿਚ ਖਲੋਤੇ ਹੋਏ, ਉਹਨੂੰ ਜਾਂਦੇ ਨੂੰ ਵੇਖਦੇ ਰਹਿ ਗਏ ਸਨ। ਉਸ ਵੇਲੇ ਉਹਨਾਂ ਦੇ ਮਨ ਭਰੇ ਹੋਏ ਜਾਪਦੇ ਸਨ ਕਿਉਂਕਿ ਉਹਨਾਂ ਲਈ ਘਰ ਖਾਲੀ ਹੋ ਗਿਆ ਦਿਸ ਰਿਹਾ ਸੀ। ਉਹਨੇ ਇਕ ਵਾਰ ਪਿੱਛੇ ਮੁੜ ਕੇ ਬੱਚਿਆਂ ਦੇ ਨਾਲ ਨਾਲ ਅਨਾਰਾਂ ਦੇ ਬੂਟੜੇ ਨੂੰ ਵੀ ਤਕਿਆ ਤੇ ਗਲੀ ਦਾ ਮੋੜ ਮੁੜ ਗਿਆ ਸੀ—ਉਹਨੂੰ ਚੰਗੀ ਤਰ੍ਹਾਂ ਯਾਦ ਹੈ......। ਪਰ ਹੁਣ?

'ਪਿਤਾ ਜੀ ਆ ਗਏ। ਪਿਤਾ ਜੀ ਆ ਗਏ।' ਘਰ ਦੇ ਕੋਨੇ ਵਿਚ, ਅਨਾਰਾਂ ਦੇ ਬੂਟੜੇ ਦੀ ਥਾਂ ਖਲੋਤੀ ਬੈਠਕ ਵਿਚੋਂ ਸ਼ੋਰ ਉਭਰਿਆ ਤੇ ਅਗਲੇ ਪਲਾਂ ਵਿਚ ਪੁਤਰ ਤੇ ਧੀ ਵੀ ਦਲਾਨ ਵਲ ਟੁਰ ਪਏ। ਝਿਜਕਦੇ ਹੋਏ......ਪਰ ਖੁਸ਼।

ਘਰ ਦੇ ਸਮੁਚੇ ਵਾਤਾਵਰਣ ਨੂੰ ਸਨੇਹ ਨਾਲ ਘੂਰ ਕੇ ਬੱਚਿਆਂ ਦੇ ਪਿਤਾ ਨੇ ਆਪਣੀ ਪਤਨੀ ਨਾਲ ਸਭ ਤੋਂ ਪਹਿਲੀ ਗੱਲ ਇਹ ਕੀਤੀ ਕਿ ਉਹਨਾਂ ਨੇ ਵਿਹੜੇ ਦਾ ਅਨਾਰ ਕਿਉਂ ਵੱਢ ਸੁਟਿਆ?

ਪਤਨੀ ਨੇ ਦਸਿਆ ਕਿ ਅਨਾਰ ਪੁੱਤਰ ਨੇ ਵੱਢਿਆ ਹੈ।

'ਕਿਉਂ?' ਉਹਨੇ ਨਜ਼ਰਾਂ ਨਾਲ ਹੀ ਪੁਛਿਆ।

'ਬੈਠਕ ਬਣਵਾਨ ਲਈ।'

'ਬੈਠਕ ਦੀ ਕਿਹੜੀ ਲੋੜ ਸੀ?'

'ਮੁੰਡੇ ਦੇ ਯਾਰ ਬੇਲੀ ਫੇਰ ਸਿੱਧੇ ਅੰਦਰ ਲੰਘ ਆਉਂਦੇ ਸਨ......ਤੇ ਛਿੰਦੋ ਹੁਣ ਕਿਤੇ ਨਿਆਣੀ ਸੀ?'

ਇਹ ਕੁਝ ਕੁ ਸੰਖੇਪ ਗੱਲਾਂ ਇਕ ਪਲ ਵਿਚ ਹੀ ਹੋ ਗਈਆਂ ਤੇ ਅਗਲੇ ਪਲ ਜਾਪਣ ਲਗਾ ਜਿਵੇਂ ਕਿ ਹਾਲੇ ਤਕ ਪਤੀ ਪਤਨੀ ਨੇ ਕੋਈ ਵੀ ਗੱਲ ਨਾ ਕੀਤੀ ਹੋਵੇ। ਜਦੋਂ ਪਤੀ ਟੁਰਨ ਲਗਾ ਸੀ ਤਾਂ ਪਤਾ ਨਹੀਂ ਉਹਨੇ ਟੁਰਨ ਲਗਿਆਂ ਤੇ ਸਫਰ ਦੇ ਦੌਰਾਨ ਕਿੰਨੀਆਂ ਹੀ ਗੱਲਾਂ ਸੋਚੀਆਂ ਹੋਣਗੀਆਂ,

ਆਪਣੀ ਪਤਨੀ ਨਾਲ ਕਰਨ ਲਈ। ਪਰ ਹੁਣ ਇਹ ਇਕੋ ਪਲ ਖਾਮੋਸ਼ ਹੋ ਕੇ ਉਹਨਾਂ ਦੇ ਵਿਚਕਾਰ ਖਲੋ ਗਿਆ ਸੀ। ਪਤੀ ਨੇ ਗਹੁ ਨਾਲ ਵੇਖਿਆ ਕਿ ਪਤਨੀ ਦਾ ਰੰਗ ਰੂਪ ਪਹਿਲਾਂ ਨਾਲੋਂ ਛਿੱਜ ਗਿਆ ਸੀ ਤੇ ਚਿਹਰਾ, ਜਿਵੇਂ ਉਹਦੇ ਸਨੇਹ ਦੇ ਨਿਘ ਤੋਂ ਬਗੈਰ ਠਰ ਕੇ ਸੁੰਨ ਪੱਥਰ ਬਣਦਾ ਜਾ ਰਿਹਾ ਹੋਵੇ। ਉਸ ਨੂੰ ਉਹ ਆਪਣੀ ਪਤਨੀ ਨਹੀਂ, ਪਤਨੀ ਵਰਗੀ ਹੀ ਕੋਈ ਔਰਤ ਜਾਪ ਰਹੀ ਸੀ......। ਪਰ ਫੇਰ ਵੀ ਉਹ ਪਤਨੀ ਹੀ ਸੀ।

ਜਦੋਂ ਪਤਨੀ ਨੇ ਦੁਬਾਰਾ ਛਿੰਦੋ ਦਾ ਨਾਂ ਲਿਆ ਤਾਂ ਉਹਨੂੰ ਤੁਰਤ ਯਾਦ ਆਇਆ ਕਿ ਛਿੰਦੋ ਹੁਣ ਸਤਾਰਾਂ ਵਰ੍ਹਿਆਂ ਦੀ ਹੋ ਗਈ ਹੋਵੇਗੀ ਜਾਂ ਸਤਾਰਾਂ ਤੋਂ ਵੀ ਵਧ......ਪਰ ਇਸ ਤੋਂ ਘਟ ਨਹੀਂ। ਤੇ ਪਤਨੀ ਦੇ ਕਈ ਖਤ ਪਾਉਣ 'ਤੇ, ਕਿ ਛਿੰਦੋ ਦਾ ਵਿਆਹ ਕਰ ਜਾਵੇ— —ਵਿਆਹ ਕਰਨ ਦੇ ਮਕਸਦ ਨਾਲ ਹੀ ਉਹ ਘਰ ਆਇਆ ਸੀ, ਪੂਰੇ ਸੱਤਾਂ ਵਰ੍ਹਿਆਂ ਪਿਛੋਂ, ਪਰ ਜਿਵੇਂ ਸੱਤਾਂ ਜੁਗਾਂ ਪਿਛੋਂ।

'ਸ਼ੁਕਰ ਹੈ ਸਭ ਕੁਝ ਸਹੀ ਸਲਾਮਤ ਰਿਹਾ!' ਪਤੀ ਨੂੰ ਖਿਆਲ ਆਇਆ। ਪਰ ਅਨਾਰਾਂ ਦਾ ਬੂਟੜਾ? ਹਰ ਵਰ੍ਹੇ ਦੋ ਵਾਰ ਉਹਨੂੰ ਕਿੰਨੇ ਭਰਪੂਰ, ਰਸੀਲੇ ਤੇ ਮਿਠੇ ਅਨਾਰ ਲਗਦੇ ਸਨ।

ਪਤਨੀ ਨੇ ਫੇਰ ਕਿਹਾ——

'ਅਨਾਰਾਂ ਨੂੰ ਲੋਕ ਵੱਟੇ ਮਾਰਦੇ ਸਨ ਤੇ ਕੰਧਾਂ ਟਪ-ਟਪ ਕੇ ਤੋੜਦੇ ਵੀ ਸਨ!'

ਹੁਣ ਤਕ ਛਿੰਦੋ ਤੇ ਉਹਦਾ ਭਰਾ ਮਖਣ ਦਲਾਨ ਵਿਚ ਪੁਜ ਗਏ ਸਨ ਜਿਵੇਂ ਇਹ ਸਾਰੇ ਪਲ ਉਹ ਬਾਹਰ ਖਲੋਤੇ ਪਿਤਾ ਦੀ ਸ਼ਕਲ ਸੂਰਤ ਤੇ ਸਨੇਹ ਭਰੀ ਮੂਰਤ ਨੂੰ ਖਾਮੋਸ਼ੀ ਨਾਲ ਘੂਰਦੇ ਰਹੇ ਹੋਣ। ਪਿਤਾ ਨੇ ਇਕ ਹੰਭਲੇ ਨਾਲ ਉਨ੍ਹਾਂ ਨੂੰ ਆਪਣੀ ਹਿਕ ਨਾਲ ਲਾ ਲਿਆ ਸੀ। ਛਿੰਦੋ ਦਾ ਜੁੱਸਾ ਵਧੇਰੇ ਭਰਪੂਰ ਸੀ, ਉਹਨੇ ਮਹਿਸੂਸ ਕੀਤਾ। ਉਸ ਵੇਲੇ ਫੇਰ ਉਹਨੂੰ ਕੰਧਾਂ ਦਾ ਖਿਆਲ ਆਇਆ। ਉਹਨੂੰ ਖਿਆਲ ਆਇਆ ਕਿ ਘਰ ਦੀਆਂ ਕੰਧਾਂ ਤਾਂ ਉਡੀਆਂ ਹੀ ਰਹਿੰਦੀਆਂ ਨੇ, ਪਰ ਧੀਆਂ ਕੰਧਾਂ ਤੋਂ ਵੀ ਵਧ ਜਾਂਦੀਆਂ ਨੇ......ਅਨਾਰਾਂ ਦੇ ਬੂਟੜੇ ਵਾਂਗ!

ਜੇਕਰ ਘਰ ਦੀਆਂ ਕੰਧਾਂ ਨਾ ਹੁੰਦੀਆਂ ਤਾਂ ਧੀਆਂ ਕਿਥੇ ਜਾਂਦੀਆਂ?

'ਰਾਜ਼ੀ ਹੋ?' ਉਹ ਨੇ ਮਲਕੜੇ ਜਿਹੇ ਬੱਚਿਆਂ ਨੂੰ ਕਿਹਾ, ਜਾਂ ਪੁਛਿਆ। ਪਰ ਉਹ ਜਿਵੇਂ ਕੁਝ ਨਾ ਬੋਲੇ ਪਿਤਾ ਨੂੰ ਆਪਣੇ ਅਤਿ ਨੇੜੇ ਵੇਖ ਕੇ ਹੀ ਉਹਨਾਂ ਦਾ ਗੱਚ ਭਰ ਆਇਆ ਹੋਵੇ!

ਜਦੋਂ ਉਹਨੇ ਉਹਨਾਂ ਦੀ ਕੰਡ ਪਲੋਸੀ ਤਾਂ ਉਹ ਡੁਸਕਣ ਲਗ ਪਏ, ਜਿਵੇਂ ਉਹ ਬੜੀ ਦੇਰ ਤੋਂ ਇਸ ਛੋਹ ਲਈ ਤਰਸ ਰਹੇ ਹੋਣ...। ਤੇ ਹੁਣ ਹੋਰ ਕੋਈ ਵੀ ਗੱਲ ਨਾ ਸੋਚ ਸਕਦੇ ਹੋਣ। ਕੋਈ ਵੀ ਗੱਲ ਨਾ ਕਰ ਸਕਦੇ ਹੋਣ।

ਬਿਜਲੀ ਦੀ ਰੋਸ਼ਨੀ ਵਿਚ ਉਹ ਕਿੰਨਾ ਚਿਰ ਹੀ ਬਚਿਆਂ ਨੂੰ ਹਿਕ ਨਾਲ ਲਾਕੇ ਖਲੋਤਾ ਰਿਹਾ—

ਜਦੋਂ ਉਹ ਘਰੋਂ ਗਿਆ ਸੀ ਤਾਂ ਪਿੰਡ ਵਿਚ ਬਿਜਲੀ ਨਹੀਂ ਸੀ, ਪਰ ਹੁਣ ਘਰ ਵਿਚ ਭਰਪੂਰ ਬਿਜਲੀ ਵੀ ਲਿਸ਼ਕ ਰਹੀ ਸੀ। ਟਾਟਾ ਨਗਰ ਸ਼ਹਿਰ ਦੇ ਜਿਸ ਮਕਾਨ ਵਿਚ ਉਹ ਰਹਿੰਦਾ ਸੀ, ਉਥੇ ਬਿਜਲੀ ਤਾਂ ਸੀ ਪਰ ਉਹ ਬਾਲਦਾ ਨਹੀਂ ਸੀ ਕਿਉਂਕਿ ਉਹਨੂੰ ਆਪਣਾ ਮੀਟਰ ਅਲਗ ਲਗਵਾਣਾ ਪੈ ਰਿਹਾ ਸੀ ਜਿਹੜਾ ਕਿ ਉਹਨੇ ਲਗਵਾਇਆ ਨਹੀਂ ਸੀ। ਇਥੇ ਤਾਂ ਪਿੰਡ ਤਕ ਸੜਕ ਵੀ ਬਣ ਗਈ ਸੀ।

ਆਪਣੇ ਬਚਿਆਂ ਨਾਲ ਬਹਿਕੇ ਰਾਤ ਦੀ ਰੋਟੀ ਖਾ ਰਿਹਾ ਪਿਤਾ ਸੋਚ ਰਿਹ ਸੀ ਕਿ ਜ਼ਿੰਦਗੀ ਕਿੰਨੀ ਛੇਤੀ ਛੇਤੀ ਬਦਲ ਰਹੀ ਸੀ!......ਫੇਰ ਪਲ ਪਲ ਭਰ ਬਾਦ ਉਹ ਮਹਿਸੂਸ ਕਰਦਾ ਕਿ 'ਹਾਂ! ਸਚਮੁਚ ਹੀ...ਸਚਮੁਚ ਹੀ!'

ਉਸ ਵੇਲੇ ਉਹਨੂੰ ਖਿਆਲ ਆ ਰਿਹਾ ਸੀ ਕਿ ਜਦੋਂ ਉਹ ਹਾਲੇ ਪਰਦੇਸ ਨਹੀਂ ਸੀ ਗਿਆ ਤਾਂ ਇਹ ਘਰ ਉਹਨੂੰ ਕਿੰਨਾ ਪਿਆਰਾ ਤੇ ਚੰਗਾ ਲਗਦਾ ਸੀ। ਪਿੰਡ ਦੇ ਲੋਕਾਂ ਵਿਚ ਉਹਦੀ ਕਿੰਨੀ ਦਿਲਚਸਪੀ ਸੀ.. ਪਰ ਪਰਦੇਸ ਜਾ ਕੇ ਉਹ ਜਿਵੇਂ ਪਰਦੇਸ ਜੋਗਾ ਹੀ ਹੋ ਕੇ ਰਹਿ ਗਿਆ ਸੀ। ਪਿੰਡ ਨਾਲੋਂ ਉਹਦਾ ਇਥੋਂ ਤਕ ਮੋਹ ਟੁੱਟ ਗਿਆ ਸੀ ਕਿ ਪਿੰਡ ਉਹਨੂੰ ਕਦੀ ਯਾਦ ਹੀ ਨਹੀਂ ਸੀ ਆਇਆ। ਉਹਨੂੰ ਜੇਕਰ ਕੋਈ ਪੁਛਦਾ ਕਿ ਉਹਦਾ ਪਿੰਡ ਕਿਥੇ ਹੈ, ਤਾਂ ਉਹ ਪੱਕੀ ਤਰ੍ਹਾਂ ਨਾ ਦਸ ਸਕਦਾ...। ਪਰ ਘਰ ਦੀ, ਕੇਵਲ ਇਸ ਘਰ ਦੀ ਯਾਦ ਵਾਰ-ਵਾਰ ਹੀ ਆਉਂਦੀ ਸੀ। ਪਤਨੀ ਨਾਲ ਬਿਤਾਏ ਹੋਏ ਭਰਪੂਰ ਜ਼ਿੰਦਗੀ ਦੇ ਮੋਹ ਭਰੇ ਦਿਨ ਤੇ ਬਚਿਆਂ ਦੇ ਮਾਸੂਮ ਚਿਹਰੇ ਹਰ ਵੇਲੇ ਉਹਦੀਆਂ ਅੱਖਾਂ ਸਾਹਮਣੇ ਥਿਰਕਦੇ ਰਹਿੰਦੇ ਸਨ। ਜਦੋਂ ਕਦੀ ਵੀ ਘਰੋਂ ਉਹਦੇ ਪੁਤਰ ਦੀ ਜਾਂ ਧੀ ਦੀ ਚਿੱਠੀ ਜਾਂਦੀ ਕਿ ਉਨ੍ਹਾਂ ਨੂੰ ਪੜ੍ਹਾਈ ਲਈ, ਕਪੜਿਆਂ ਲਈ, ਖਰਚ ਲਈ ਪੈਸਿਆਂ ਦੀ ਲੋੜ ਹੈ, ਤਾਂ ਉਹ ਤੁਰੰਤ ਭੇਜ ਦਿੰਦਾ। ਦਿਨੇ ਕੰਮ ਕਰਦਾ ਤੇ ਰਾਤੀਂ ਓਵਰ ਟਾਈਮ ਲਾਉਂਦਾ। ਜਿਵੇਂ ਉਹਨੇ ਆਪਣੇ ਸਿਰੋਂ ਬਹੁਤ ਸਾਰਾ ਕਰਜ਼ਾ ਲਾਹੁਣਾ ਹੋਵੇ।

'ਕੀ ਧੀਆਂ ਪੁਤਰ ਮਾਪਿਆਂ ਲਈ ਕਰਜ਼ੇ ਵਾਂਗ ਵਧਦੇ ਜਾਂਦੇ ਨੇ ?' ਉਹਨੂੰ ਕਈ ਵਾਰ ਖਿਆਲ ਆਉਂਦਾ। ਪਰ ਉਹ ਦਿਨ ਰਾਤ ਏਨੇ ਕੰਮ ਵਿਚ ਰੁਝਾ ਰਹਿੰਦਾ ਸੀ ਕਿ ਉਹ ਹੋਰ ਕੁਝ ਸੋਚ ਹੀ ਨਹੀਂ ਸੀ ਸਕਦਾ। ਉਹਦਾ ਸਦਾ ਤੋਂ ਹੀ ਕਿਰਤ ਵਿਚ ਬਹੁਤ ਵਿਸ਼ਵਾਸ ਰਿਹਾ ਸੀ, ਆਪਣੇ ਪਿਤਾ ਵਾਂਗ ਹੀ।

ਰਾਤੀਂ ਉਹ ਆਪਣੀ ਪਤਨੀ ਦੇ ਨਾਲ ਦੇ ਮੰਜੇ ਤੇ ਪਿਆ ਸੋਚ ਰਿਹਾ ਸੀ ਕਿ ਹੁਣ ਛਿੰਦੋ ਲਈ ਕੋਈ ਸੋਹਣਾ ਸੁਣੱਖਾ ਮੁੰਡਾ ਵੀ ਲਭਣਾ ਪਵੇਗਾ।

ਪਤਨੀ ਨੇ ਦਸਿਆ—'ਮੁੰਡਾ ਮਖਣ ਨੇ ਵੇਖਿਐ ਹੋਇਐ ! ਉਹਦਾ ਕੋਈ ਬੇਲੀ ਈ ਐ ! ਸ਼ਹਿਰ ਕਿਤੇ ਕੰਮ ਕਰਦਾ......ਕਲ ਨੂੰ ਤੁਸੀਂ ਵੀ ਵੇਖ ਲਿਉ......ਛਿੰਦੋ ਨੂੰ ਵੀ ਪੰਸਦੈ।'

'ਬਸ ਠੀਕ ਐ !' ਉਹਨੇ ਨਿਸਚਿੰਤ ਹੋ ਕੇ ਸੋਚਿਆ। ਫੇਰ ਉਹਨੂੰ ਖਿਆਲ ਆਇਆ ਕਿ ਉਹਦਾ ਵਿਚਾਰ ਸੀ, ਸ਼ਹਿਰਾਂ ਤੋਂ ਦੂਰ, ਇਥੇ ਪਿੰਡ ਵਿਚ ਇਹਨਾਂ ਲੋਕਾਂ ਨੂੰ ਹਾਲੇ ਜ਼ਮਾਨੇ ਦੀ ਹਵਾ ਨਹੀਂ ਲਗੀ ਹੋਵੇਗੀ। ਪਰ, ਦੁਨੀਆਂ ਕਿੰਨੀ ਛੇਤੀ ਬਦਲ ਰਹੀ ਹੈ।

ਉਸ ਵੇਲੇ ਉਹਦੀ ਪਤਨੀ ਨੇ ਕਈ ਵਰ੍ਹਿਆਂ ਤੋਂ ਉਹਦੇ ਲਈ ਸਾਂਭ ਕੇ ਰਖੀਆਂ ਹੋਈਆਂ ਕਈ ਨਿਗੂਣੀਆਂ ਪਰ ਦਿਲਚਸਪ ਗੱਲਾਂ ਵੀ ਉਸ ਨੂੰ ਦਸੀਆਂ ——

—'ਤੇਲੀਆਂ ਦਾ ਟਬਰ ਪਾਕਿਸਤਾਨੋਂ ਮੁੜ ਆਇਐ ! ਪਰ ਉਹਨਾਂ ਦੀ ਧੀ ਨਹੀਂ ਆਈ......ਛਿੰਦੋ ਦੀ ਹਾਨਣ ਹੀ ਸੀ ਕੁੜੀ ! ਉਹਨੇ ਉਥੇ ਕਿਸੇ ਮੁੰਡੇ ਨਾਲ ਘਰ ਦਿਆਂ ਦੀ ਮਰਜ਼ੀ ਤੋਂ ਬਗੈਰ ਹੀ ਨਿਕਾਹ ਕਰ ਲਿਐ !'

'ਚੰਗਾ ਹੋਇਆ !' ਬੱਚਿਆਂ ਦੇ ਪਿਤਾ ਨੇ ਮਨ ਹੀ ਮਨ 'ਚ ਸੋਚਿਆ। ਪਤਨੀ ਨੇ ਫੇਰ ਦਸਿਆ—

'ਟੁੰਡਿਆਂ ਦੀ ਨੂੰਹ ਨੇ ਪਿੰਡ ਦੇ ਸਕੂਲ ਵਿਚ ਬੱਚੇ ਪੜ੍ਹਾਣ ਲਈ ਨੌਕਰੀ ਕਰ ਲਈ ਐ......ਪਰ ਕਈ ਲੋਕਾਂ ਨੇ ਇਹਨੂੰ ਬਹੁਤ ਬੁਰਾ ਮਨਾਇਆ......ਅਖੇ ਪਿੰਡ ਦੀ ਨੂੰਹ-ਧੀ ਹੁਣ ਪਿੰਡ ਵਿਚ ਈ ਨੰਗੇ ਸਿਰ ਟੁਰੇਗੀ !...,......ਪਰ ਉਹ ਨੇ ਕਿਸੇ ਦੀ ਪਰਵਾਹ ਨਹੀਂ ਕੀਤੀ !'

'ਵਾਹਵਾ !......ਨਹੀਂ ਰੀਸਾਂ !' ਪਤੀ ਨੂੰ ਖਿਆਲ ਆਇਆ।—'ਸਾਡੀ ਆਪਣੀ ਬੰਤੇ ਦੀ ਧੀ ਐਮ. ਏ. 'ਚ ਹੋ ਗਈ ਐ ! ਘਰ ਦੇ ਉਹਦੇ ਲਈ ਉਹਦੇ ਤੋਂ ਵਧ ਪੜ੍ਹਿਆ ਲਿਖਿਆ ਮੁੰਡਾ ਲਭਦੇ ਨੇ......ਪਰ ਲਭਦਾ ਈ ਨਹੀਂ......ਕੁੜੀਆਂ ਦਾ ਬਹੁਤਾ ਪੜ੍ਹਨਾ ਕੀ ਕਰੂ ?'

"ਪਿਤਾ ਨੇ ਕੁਝ ਨਹੀਂ ਸੋਚਿਆ। ਉਹਨੂੰ ਕੇਵਲ ਬਚਿਆਂ ਦਾ ਖਿਆਲ ਆ ਰਿਹਾ ਸੀ।

ਪਤਨੀ ਨੇ ਫੇਰ ਦਸਿਆ —

'ਉਮਰੀ ਦੇ ਸਾਰੇ ਨੂੰਹਾਂ ਪੁਤਰ ਵਲੈਤ ਚਲੇ ਗਏ ਨੇ ......ਵੱਡੇ ਨੇ ਘਰ ਵਾਲੀ ਨਾਲ ਰਲ ਕੇ ਹੋਟਲ ਖੋਲ੍ਹ ਲਿਆ ਤੇ ਛੋਟੇ ਨੇ ਬਹੂ ਨਾਲ ਸ਼ਰਾਬ ਦੀ ਦੁਕਾਨ......। ਹੁਣ ਬੁੱਢਾ ਬੁੱਢੀ ਹੀ ਪਿੰਡ ਨੇ......ਇਹਨਾਂ ਨੂੰ ਵੀ ਕੋਈ ਕੰਮ ਖੋਲ ਦਿੰਦੇ ਤਾਂ ਠੀਕ ਸੀ ! ਵਿਚਾਰੇ ਕਿਸੇ ਆਹਰੇ ਲਗੇ ਰਹਿੰਦੇ !'

ਪਤੀ ਹਸ ਪਿਆ। ਉਸ ਨੂੰ ਖੁਸ਼ ਵੇਖ ਕੇ ਪਤਨੀ ਨੇ ਇਹ ਵੀ ਦਸਿਆ ਕਿ ਉਹਨਾਂ ਦਾ ਆਪਣਾ ਪੁਤਰ ਮਖਣ ਸ਼ਹਿਰ ਦੀ ਕਿਸੇ ਸਹਿਕਾਰੀ ਬੈਂਕ ਵਿਚ ਨੌਕਰ ਹੋ ਗਿਆ ਤੇ ਛਿੰਦੋ ਬੇਸਿਕ ਦੀ ਕਲਾਸ ਵਿਚ ਦਾਖਲਾ ਲੈਣ ਬਾਰੇ ਸੋਚ ਰਹੀ ਹੈ !

'ਇਹ ਵੀ ਨਵੀਂ ਸੋਚ ਦੀਆਂ ਗੱਲਾਂ ਨੇ !'

ਪਿਤਾ ਨੂੰ ਫੇਰ ਖਿਆਲ ਆਇਆ।

'ਹੁਣ ਆਪਣੇ ਘਰ ਜਾ ਕੇ ਕਰੇ ਉਹਨੇ ਜੋ ਕੁਝ ਕਰਨਾ !' ਪਤਨੀ ਨੇ ਮਲਕੜੇ ਜਿਹੇ ਪਤੀ ਨੂੰ ਕਿਹਾ। ਇਹਦੇ ਜਵਾਬ ਵਿਚ ਪਤੀ ਉਹਨੂੰ ਬਹੁਤ ਕੁਝ ਕਹਿਣਾ ਚਾਹੁੰਦਾ ਸੀ। ਘੁੰਮ ਫਿਰਕੇ ਲੋਕਾਂ ਕੋਲੋਂ ਸੁਣੀਆਂ ਹੋਈਆਂ, ਸਮਝੀਆਂ ਹੋਈਆਂ ਬਚਿਆਂ ਦੇ ਭਵਿਖਤ ਬਾਰੇ ਚੰਗੀਆਂ ਚੰਗੀਆਂ ਗਲਾਂ ਉਹ ਪਤਨੀ ਨੂੰ ਦਸਣੀਆਂ ਚਾਹੁੰਦਾ ਸੀ। ਪਰ ਪਤਨੀ ਹੁਣ ਤਕ ਘੂਕ ਸੌਂ ਗਈ ਸੀ। ਬੜੀ ਬੇਫਿਕਰ ਹੋ ਕੇ। ਜਿਵੇਂ ਉਹਦੀ ਫਿਕਰ ਕਰਨ ਵਾਲਾ ਘਰ ਆ ਗਿਆ ਹੋਵੇ।

ਪਤੀ ਵੀ ਬੇਫਿਕਰ ਹੀ ਸੀ ਪਰ ਉਹਨੂੰ ਰਹਿ-ਰਹਿ ਕੇ ਘਰ ਦੇ ਬਾਹਰਲੇ ਕੋਨੇ ਵਿਚ ਖਲੋਤੇ ਅਨਾਰਾਂ ਦੇ ਬੂਟੜੇ ਦਾ ਖਿਆਲ ਆ ਰਿਹਾ ਸੀ। ਕਿੰਨੀ ਮਿਹਨਤ ਨਾਲ ਉਹਨੇ ਉਸ ਬੂਟੜੇ ਨੂੰ ਪਾਲਿਆ ਸੀ। ਜਿਵੇਂ ਉਸ ਨਾਲ ਵੀ ਉਹਦੇ ਖੂਨ ਦੀ ਸਾਂਝ ਸੀ !

ਜੇਕਰ ਇਹ ਲੋਕ ਅਨਾਰਾਂ ਦੇ ਬੂਟੜੇ ਨੂੰ ਨਾ ਹੀ ਕਟਦੇ ਤਾਂ ਕੀ ਸੀ ?......ਉਹ ਬੱਚਿਆਂ ਦੇ ਨਾਲ ਨਾਲ ਅਨਾਰਾਂ ਦੇ ਬੂਟੜੇ ਬਾਰੇ ਵੀ ਸੋਚਦਾ ਜਾ ਰਿਹਾ ਸੀ !

"ਮੈਂ ਕੀ ਨਿਗੂਣੀ ਜਿਹੀ ਗੱਲ ਸੋਚੀ ਜਾ ਰਿਹਾਂ ?' ਉਹਨੂੰ ਖਿਆਲ ਆਉਂਦਾ......। ਪਰ,

ਉਸ ਵੇਲੇ ਸਭ ਕੁਝ ਠੀਕ ਠਾਕ ਤੇ ਸੁਖਾਵਾਂ ਹੋਣ ਦੇ ਬਾਵਜੂਦ ਉਹਦਾ ਮਨ ਉਦਾਸ ਹੋ ਗਿਆ।

ਅਤੇ ਉਹ ਕਾਹਲੀ ਨਾਲ ਉਠ ਕੇ ਬੱਚਿਆਂ ਦੇ ਮੰਜਿਆਂ ਕੋਲ ਦੀ ਹੁੰਦਾ ਹੋਇਆ ਵਿਹੜੇ ਵਲ ਟੁਰ ਪਿਆ। ਉਸ ਨੂੰ ਜਾਪ ਰਿਹਾ ਸੀ ਜਿਵੇਂ ਹਾਲੇ ਵੀ ਅਨਾਰਾਂ ਦਾ ਬੂਟੜਾ ਉਥੇ ਹੀ ਖਲੋਤਾ ਹੋਵੇ ! ਸਾਹ ਲੈ ਰਿਹਾ ਤੇ ਉਹਨੂੰ ਉਡੀਕ ਰਿਹਾ ਹੋਵੇ ! ●

ਕਟਹਿਰਾ

—ਫ਼ਕੀਰ ਚੰਦ ਤੁਲੀ

ਸ਼ਹਿਰ ਦਾ ਹਰ ਕਿਨਾਰਾ,
ਹਰ ਦੁਆਰਾ, ਤੂਰ ਹੋ ਜਾਏ,
ਜੋ ਰਾਖਾ ਕਾਲੀਆਂ ਮੰਡੀਆਂ—
ਦਾ ਚੱਕਨਾਚੂਰ ਹੋ ਜਾਏ।

ਬਨਾਉਟੀ ਸੂਰਜਾਂ ਦਾ ਜੋ,
ਮਖੌਟਾ ਚੂਰ ਹੋ ਜਾਏ,
ਸ਼ਹਿਰ 'ਚੋਂ ਭੱਜ ਉੱਠਣ ਨੂੰ
ਗਹਿਰ ਮਜਬੂਰ ਹੋ ਜਾਏ।

ਜ਼ਹਿਰ ਹਰ ਪਹਿਰ ਵਿਚੋਂ—
ਮੁੱਕ ਸਕਦੀ ਇਕ ਬਿੰਦੂ ਤੇ,
ਥਲਾਂ ਤੱਕ ਪਹੁੰਚਣਾ ਜੇ
ਲਹਿਰ ਦਾ ਦਸਤੂਰ ਹੋ ਜਾਏ।

ਕਲਮ ਤੇ ਅੱਖ ਦਾ ਜੇ,
ਕੋਈ ਅੰਤਰ ਨ ਰਹੇ ਬਾਕੀ,
ਤਾਂ ਮੌਸਮ ਕਹਿਕਸ਼ਾਂ ਦਾ,
ਸ਼ਹਿਰ ਵਿਚ ਪੁਰਨੂਰ ਹੋ ਜਾਏ

ਹੈ ਸੱਦ ਲੈਣਾ ਕਟਹਿਰੇ ਵਿਚ.
ਸ਼ਹਿਰ ਨੇ ਐਸੇ ਸ਼ਾਇਰ ਨੂੰ,
ਕਿ ਜਿਸਦੀ ਬੇਵਫਾਈ ਤੋਂ,
ਸ਼ਹਿਰ ਬੇ-ਨੂਰ ਹੋ ਜਾਏ।

ਲਾਡੋਵਾਲੀ ਸੜਕ
ਜਲੰਧਰ।

ਦੋ ਸ਼ਬਦ

ਹਰ ਪੁਸਤਕ ਨੂੰ
ਪੜ੍ਹਨ ਤੋਂ ਪਹਿਲਾ
ਉਸ ਦੇ
'ਦੋ ਸ਼ਬਦ'
ਪੜ੍ਹਨ ਦਾ ਮੇਰਾ ਸ਼ੌਕ।
ਹਰ ਪੁਸਤਕ ਨੂੰ
ਪੜ੍ਹਨ ਤੋਂ ਪਿਛੋਂ
ਉਸ ਤੇ
'ਦੋ ਸ਼ਬਦ'
ਲਿਖਣ ਦਾ ਮੇਰਾ ਸ਼ੌਕ।
ਸ਼ਾਇਦ ਜਿਉਂਦਾ ਰਹੇਗਾ
ਉਮਰ ਭਰ।
ਪਰ !
ਕੀ ਕਰਾਂ,
ਮੇਰਾ ਬਾਪ
ਮੈਨੂੰ 'ਕਲਮ ਤੇ ਕਾਗਜ਼' ਲਈ
ਪੈਸੇ ਨਹੀਂ ਦੇਂਦਾ
ਤੇ ਜਦ ਵੀ ਮੈਂ
ਉਸ ਕੋਲ ਪੈਸਿਆਂ ਦੀ
ਗਲ ਕਰਦਾ ਹਾਂ
ਕਹਿ ਛਡਦੈ
ਦੋ ਸ਼ਬਦ
'ਬਕਵਾਸ ਬੰਦ'
ਮੇਰੇ ਮੂੰਹ ਤੇ।

ਗੁਰਚਰਨ ਸਿੰਘ 'ਚਰਨ'
ਜਲੰਧਰ।

ਕਿੱਸਾ ਨਾਵਾਂ ਦਾ

—ਦਲਬੀਰ

"ਆਪ ਦਾ ਸ਼ੁਭ ਨਾਮ"

"ਜੀ ਮੈਨੂੰ ਸ਼ੰਭੂ ਨਾਥ ਕਹਿੰਦੇ ਹਨ।"

"ਮੇਰਾ ਨਾਮ ਦਵਾਰਕਾ ਪ੍ਰਸ਼ਾਦ ਹੈ, ਤੁਹਾਨੂੰ ਮਿਲ ਕੇ ਬਹੁਤ ਖੁਸ਼ੀ ਹੋਈ। ਆਪ ਦਾ ਨਿਵਾਸ ਕਿਥੇ ?"

"ਮੈਂ ਬਜ਼ਾਰ ਨੌਹਰੀਆਂ ਦੀ ਗਲੀ ਪਟਾਕਿਆਂ ਵਾਲੀ ਦੀ "ਕ੍ਰਿਸ਼ਨ ਵਿਲਾ" ਵਿਚ ਰਹਿੰਦਾ ਹਾਂ। ਤੁਸੀਂ ?

"ਮੇਰਾ ਗਰੀਬ ਖਾਨਾ ਗਲੀ ਬਦਾਮਾਂ ਬਜ਼ਾਰ ਛੋਲਿਆਂ ਵਿਚ "ਈਚਕ ਦਾਣਾ ਮੈਨਸ਼ਨ" ਹੈ।"

ਜਦੋਂ ਕਿਤੇ ਦੋ ਜਣੇ ਮਿਲਦੇ ਹਨ ਤਾਂ ਇਸ ਤਰ੍ਹਾਂ ਦੀਆਂ ਗੱਲਾ ਕਰਦੇ ਹਨ। ਕੋਈ ਬਜ਼ਾਰ ਨੌਹਰੀਆਂ ਰਹਿੰਦਾ ਹੈ– ਕੋਈ ਬਜ਼ਾਰ ਬਦਾਮਾਂ, ਕੋਈ ਬਜ਼ਾਰ ਸ਼ੇਖਾਂ ਤੇ ਕੋਈ ਮਾਈ ਹੀਰਾਂ ਗੇਟ, ਕਿਸੇ ਦੇ ਮੁਹੱਲੇ ਦਾ ਨਾਮ ਕਿਸ਼ਨਪੁਰਾ ਹੈ ਕਿਸੇ ਦਾ ਹਰਨਾਮ ਪੁਰਾ ਕਿਸੇ ਦਾ ਪ੍ਰਿਥਵੀ ਨਗਰ ਤੇ ਕਿਸੇ ਦਾ ਬਾਜ਼ਾਰ ਬਾਗੜੀਆਂ। ਅਗੋਂ ਗਲੀਆਂ ਦੇ ਨਾਮ ਹਨ, ਕੋਈ ਗਲੀ ਭੜਭੂੰਜਿਆਂ, ਕੋਈ ਗਲੀ ਕੰਜਰੀਆਂ ਕੋਈ ਨਵਾਬਾਂ ਤੇ ਕੋਈ ਗਲੀ ਰਾਮਦਾਸੀਆਂ। ਕਿਸੇ ਦਾ ਨਾਮ ਗਲੀ ਘੁਮਿਆਰਾਂ ਤੇ ਕਿਸੇ ਦਾ ਗਲੀ ਭਾਈਆਂ।

ਇਥੇ ਹੀ ਬਸ ਨਹੀਂ ਹੋ ਜਾਂਦੀ। ਅਗੋਂ ਮਕਾਨਾਂ ਦੇ ਨਾਮ ਹਨ—ਸੁੰਦਰ ਮੈਨਸ਼ਨ, ਰੇਸ਼ਮ ਵਿਲਾ, ਅਮਨ ਕੁੰਜ, ਰਪੇਸ਼ ਵਿਲਾ ਤੇ ਵਿਰਦੀ ਬਿਲਡਿੰਗ। ਕਿਤੇ ਸਵਰਗ ਨਾਮ ਦੀ ਇਮਾਰਤ ਹੈ ਤੇ ਕਿਤੇ ਕਸ਼ਮੀਰ ਵਿਲਾ। ਪਤਾ ਨਹੀਂ ਕਿੰਨੇ ਹੀ ਨਾਮ ਹਨ ਇਮਾਰਤਾਂ ਦੇ ਅਲੱਗ ਅਲੱਗ। ਤੇ ਉਹਨਾਂ ਇਮਾਰਤਾਂ ਵਿਚ ਰਹਿੰਦੇ ਬੰਦਿਆਂ ਦੇ ਨਾਵਾਂ ਦਾ ਜੇਕਰ ਪਤਾ ਕਰੀਏ ਤਾਂ ਤੌਬਾ ਹੀ ਭਲੀ। ਨਾਮ ਗਿਣਦੇ ਜਾਓ ਤਾਂ ਗਿਣਦੇ ਹੀ ਜਾਉ। ਪਹਿਲਾਂ ਪਹਿਲਾਂ ਚੰਗਾ ਹੁੰਦਾ ਸੀ। ਲੋਕਾਂ ਦੇ ਨਾਮ ਹੋਣੇ ਲਾਭਾ,ਬਖਸ਼ਾ, ਗੁਰਾਂਦਿਤਾ, ਦਿਆਲਾ, ਜੀਤਾ, ਰਾਮੂ ਤੇ ਇਸੇ ਤਰ੍ਹਾਂ ਦੇ ਪੰਦਰਾਂ ਵੀਹ ਨਾਮ ਹੋਰ। ਪਰ ਅਜ ਕਲ ਤਾਂ ਰੱਬ ਹੀ ਵਾਲੀ ਹੈ। ਕਿਸੇ ਦਾ ਨਾਮ ਗੁਰਪੀਰਬਕਸ਼, ਕਿਸੇ ਦਾ ਨਾਮ ਗਗਨਦੀਪ, ਕਿਸੇ ਕਿਸੇ ਦਾ ਮਨਮੁਹਿੰਦਰ ਪਾਲ, ਕਿਸੇ ਦਾ, ਸੁਕੀਰਤ ਤੇ ਕਿਸੇ ਦਾ ਕਵਿਤਾ ਕੁਮਾਰੀ। ਭਲਾ ਮੇਰੇ ਵਰਗੇ ਘਟ ਦਿਮਾਗ਼ ਵਾਲੇ ਬੰਦੇ ਲਈ ਏਨੇ ਨਾਮ ਚੇਤੇ ਕਰਨੇ ਕੋਈ ਸੁਖਾਲੇ ਹਨ।

ਅਗੋਂ ਯੁਗ ਵਿਗਿਆਨ ਦਾ ਹੈ। ਪਤਾ ਨਹੀਂ ਕਿੰਨੀਆਂ ਹੀ ਨਵੀਆਂ ਖੋਜਾਂ ਨਿਕਲ ਰਹੀਆਂ ਹਨ। ਉਨ੍ਹਾਂ ਦੇ ਨਾਮ ਤਾਂ ਮੈਂ ਸਾਰੀ ਉਮਰ ਲਗਾ ਰਹਾਂ ਤਾਂ ਵੀ ਚੇਤੇ ਨਹੀਂ ਕਰ ਸਕਦਾ।

ਇਨ੍ਹਾਂ ਨਾਵਾਂ ਨੇ ਮੇਰਾ ਕਾਫੀਆਂ ਤੰਗ ਕੀਤਾ ਹੋਇਆ ਹੈ। ਕਈ ਵਾਰ ਤਾਂ ਏਨਾ ਭੁਲੇਖਾ ਪੈਂਦਾ ਹੈ ਕਿ ਬੰਦਾ ਬੰਦੇ ਦਾ ਪੁੱਤ ਬਣ ਕੇ ਰਹਿ ਜਾਂਦਾ ਹੈ। ਇਕ ਵਾਰ ਮੈਂ ਦਿੱਲੀ ਗਿਆ। ਉਥੇ ਇਕ ਇਲਾਕਾ ਹੈ ਖੁਰੇਜ਼ੀ। ਇਥੋਂ ਮੈਂ ਚੇਤੇ ਕਰਦਾ ਹੀ ਗਿਆ ਕਿ ਮਤਾਂ ਭੁੱਲ ਨਾ ਜਾਵਾਂ। ਉਂਜ ਜੇ ਮੇਰੀ ਬੀਵੀ ਦੀ ਗੱਲ ਮੰਨ ਲਈ ਜਾਵੇ ਤਾਂ ਮੈਂ ਭੁਲੱਕੜ ਕਾਫੀ ਹਾਂ ਤੇ ਕਈ ਵਾਰ ਤਾਂ ਮੈਂ ਇਹ ਵੀ ਭੁੱਲ ਜਾਂਦਾ ਹਾਂ ਕਿ ਰੋਟੀ ਖਾ ਲਈ ਹੈ ਜਾਂ ਨਹੀਂ। ਪਰ ਫਿਰ ਵੀ ਮੇਰੀ ਇਹ ਬਿਮਾਰੀ ਉਸ ਹੱਦ ਤਕ ਨਹੀਂ ਪਹੁੰਚੀ ਜਿਸ ਹੱਦ ਤਕ ਇੰਗਲੈਂਡ ਵਿਚ ਰਹਿੰਦੇ ਭਾਰਤੀਆਂ ਬਾਰੇ ਲਤੀਫੇ ਵਿਚ ਕਹੀ ਹੁੰਦੀ ਹੈ। ਕਹਿੰਦੇ ਹਨ ਕਿ ਇਕ ਬੰਦਾ ਰਾਤ ਦੀ ਸ਼ਿਫਟ ਕੰਮ ਜਾਂਦਾ ਸੀ ਤੇ ਉਸ ਦੀ ਬੀਵੀ ਸਵੇਰ ਦੀ ਸ਼ਿਫਟ। ਇਕ ਦਿਨ ਦੋਵੇਂ ਬਸ ਸਟੈਂਡ ਤੇ ਮਿਲ ਪਏ। ਦੋਵੇਂ ਇਕ ਦੂਜੇ ਵਲ ਦੇਖੀ ਜਾਣ ਜਿਵੇਂ ਪਹਿਚਾਣ ਕਰਦੇ ਹੋਣ। ਆਖਰ ਮੀਆਂ ਨੇ ਹੌਂਸਲਾ ਕਰ ਹੀ ਲਿਆ।

"ਸਤਿ ਸ੍ਰੀ ਅਕਾਲ ਜੀ।" ਉਸ ਹੱਥ ਜੋੜ ਕੇ ਕਿਹਾ

"ਸਤਿ ਸ੍ਰੀ ਅਕਾਲ।"

"ਮੈਂ ਭੈਣ ਜੀ ਤੁਹਾਨੂੰ ਕਿਤੇ ਦੇਖਿਆ ਹੈ।" ਉਸ ਚੇਤੇ ਕਰਦੇ ਹੋਏ ਕਿਹਾ।

ਭਾਵੇਂ ਮੇਰੀ ਬਿਮਾਰੀ ਏਨੀ ਜ਼ਿਆਦਾ ਤਾਂ ਨਹੀਂ ਹੈ. ਪਰ ਬਿਮਾਰੀ ਤਾਂ ਫਿਰ ਵੀ ਬਿਮਾਰੀ ਹੀ ਹੈ। ਸੋ ਖੁਰੇਜ਼ੀ ਖੁਰੇਜ਼ੀ ਕਰਦਾ ਦਿੱਲੀ ਪਹੁੰਚ ਗਿਆ। ਇਕ ਕਾਗਜ਼ ਤੇ ਲਿਖ ਕੇ ਵੀ ਰਖ ਲਿਆ। ਪਰ ਦਿੱਲੀ ਆਈ ਤਾਂ ਖੁਰੇਜ਼ੀ ਦਾ ਚੇਤਾ ਭੁਲ ਗਿਆ। ਕਦੇ ਮੈਂ ਜ਼ੁਰੇਖ਼ੀ ਕਹਾਂ ਕਦੇ ਖੁਜ਼ੇਰੀ ਤੇ ਜ਼ੁਖੇਰੀ, ਪਰ ਖੁਰੇਜ਼ੀ ਮੂੰਹ ਤੇ ਨਾ ਆਵੇ। ਜਦੋਂ ਅੱਧਾ ਘੰਟਾ ਸਕੂਟਰ ਵਾਲਿਆਂ ਨਾਲ ਮੱਥਾ ਮਾਰ ਹਟਿਆ (ਉਨ੍ਹਾਂ ਸਭ ਨੇ ਕਿਹਾ ਕਿ ਉਹ ਉਸ ਥਾਂ ਨੂੰ ਨਹੀਂ ਜਾਣਦੇ ਜਿਸ ਦਾ ਮੈਂ ਨਾਮ ਲੈਂਦਾ ਹਾਂ) ਤਾਂ ਅਚਾਨਕ ਚੇਤਾ ਆਇਆ ਕਿ ਮੈਂ ਕਾਗਜ਼ ਤੇ ਨਾਮ ਲਿਖ ਕੇ ਕਿਤੇ ਰਖਿਆ ਸੀ। ਬਸ ਫਿਰ ਕੀ, ਕਰ ਦਿਤੀ ਸੜਕ ਦੇ ਕੰਢੇ ਬੈਠ ਕੇ ਸਫਾਈ ਟਰੰਕੀ ਦੀ ਤੇ ਫੇਰ ਜੇਬਾਂ ਦੀ। ਪਰ ਬੇੜਾ ਗਰਕ ਹੋਵੇ ਦਰਜੀ ਦਾ ਜਿਹਨੇ ਪੰਜੀ ਕੁ ਜੇਬਾਂ ਲਾ ਦਿਤੀਆਂ ਸਨ ਤੇ ਨਾਲ ਹੋਵੇ

ਐਡੀਟਰੀ ਦਾ ਜਿਹੜੀ ਅਜੇਹੀ ਮੇਰੇ ਗਲ ਚੰਬੜੀ ਹੈ ਕਿ ਮੇਰੀਆਂ ਜੇਬਾਂ ਨੂੰ ਰੱਦੀ ਦੀ ਟੋਕਰੀ ਬਣਾ ਛਡਿਆ ਹੈ। ਹੋਰ ਤਾਂ ਪਤਾ ਨਹੀਂ ਡੂਢ ਸੌ ਕਾਗਜ਼ ਲੱਭ ਪਏ, ਪਰ ਖੁਰੇਜ਼ੀ ਵਾਲਾ ਕਾਗਜ਼ ਨਾ ਲੱਭਾ।

ਖੈਰ, ਇਹ ਤਾਂ ਹੋਈ ਭੁਲੱਕੜ ਹੋਣ ਵਾਲੀ ਗੱਲ। ਅਸਲ ਵਿਚ ਤਾਂ ਗੱਲ ਨਾਵਾਂ ਦੀ ਚਲ ਰਹੀ ਸੀ। ਨਾਂ ਏਨੇ ਵਧੇਰੇ ਹਨ ਕਿ ਬੰਦੇ ਦੀ ਅਕਲ ਚਕਰਾ ਜਾਏ ਚੇਤੇ ਕਰਦੇ ਕਰਦੇ ਦੀ, ਪਰ ਕੀ ਮਜਾਲ ਹੈ ਕਿ ਨਾਵਾਂ ਦੀ ਗਿਣਤੀ ਵਿਚ ਕਮੀ ਹੋਵੇ।

ਪਾਠਕ ਜੀ, ਮੇਰਾ ਦਿਮਾਗ ਕਾਫੀ ਉਪਜਾਊ ਹੈ। ਸੋਚਦਿਆਂ ਸੋਚਦਿਆਂ ਮੇਰੇ ਇਸ ਉਪਜਾਊ ਦਿਮਾਗ ਦੀ ਇਕ ਉਪਜ ਉਪਜੀ : ਕਿਉਂ ਨਾ ਨਾਵਾਂ ਦੀ ਥਾਂ ਨੰਬਰ ਰਖ ਦਿਤੇ ਜਾਣ। ਹਰ ਸ਼ਹਿਰ ਦਾ ਨੰਬਰ, ਹਰ ਮੁਹੱਲੇ ਦਾ ਨੰਬਰ, ਹਰ ਗਲੀ ਦਾ ਨੰਬਰ ਤੇ ਹਰ ਮਕਾਨ ਦਾ ਨੰਬਰ, ਇਥੇ ਹੀ ਨਹੀਂ ਹਰ ਸੁਕਾਰੀ ਦਫਤਰ, ਸਕੂਲ, ਅਖਬਾਰ, ਸੜਕ ਤੇ ਹਰ ਬੰਦੇ ਦਾ ਇਕ ਵੱਖਰਾ ਨੰਬਰ ਹੋਵੇ। ਕਿਸੇ ਨੂੰ ਵੀ ਨਾਵਾਂ ਦੇ ਝੰਜਟ ਵਿਚ ਪੈਣ ਦੀ ਲੋੜ ਹੀ ਨਾ ਪਵੇ। ਜੇ ਕਰ ਇੰਝ ਹੀ ਹੋਵੇ ਤਾਂ ਮਸਲਾ ਕਾਫੀ ਆਸਾਨ ਹੋ ਜਾਵੇਗਾ। ਮਿਸਾਲ ਲਈ ਤੁਸੀਂ ਆਪਣੇ ਪੰਜਵੇਂ ਬੇਟੇ ਨੂੰ ਸਕੂਲ ਦਾਖਲ ਕਰਵਾਕੇ ਆਏ ਹੋ। ਤੁਹਾਨੂੰ ਸਕੂਲ ਦੇ ਲੰਬੇ ਚੌੜੇ ਨਾਂਵਾਂ ਨੂੰ ਚੇਤੇ ਕਰਨ ਦਾ ਕੋਈ ਯਤਨ ਨਹੀਂ ਕਰਨਾ ਪਵੇਗਾ। ਇਹਦੇ ਥਾਂ ਤੁਸੀਂ ਕਹੋਗੇ।

"ਅਜ ਮੈਂ ਆਪਣੇ ਪੁੱਤਰ ਨੰਬਰ ਪੰਜ ਨੂੰ ਸਕੂਲ ਨੰਬਰ ਗਿਆਰਾਂ, ਜਿਹੜਾ ਕਿ ਸੜਕ ਨੰਬਰ ਛੱਤੀ ਤੇ ਸਥਿਤ ਹੈ, ਵਿਚ ਜਮਾਤ ਨੰਬਰ ਚਾਰ ਵਿਚ ਦਾਖਲ ਕਰਵਾਇਆ ਹੈ ਸਕੂਲ ਨੰਬਰ ਗਿਆਰਾਂ ਨੂੰ ਸੜਕ ਨੰਬਰ ਤਿੰਨ ਜਾਂਦੀ ਹੈ ਜਿਹੜੀ ਚੌਕ ਨੰਬਰ ਬੱਹਤਰ ਤੋਂ ਸਿਨੇਮਾ ਨੰਬਰ ਸੱਤ ਦੇ ਸਾਹਮਣਿਓਂ ਮਿਲਦੀ ਹੈ।"

ਇਸੇ ਤਰ੍ਹਾਂ ਫੇਰ ਕਿਸੇ ਅਖਬਾਰ ਵਿਚ ਛਪੀ ਖਬਰ ਇੰਝ ਪੜ੍ਹੀ ਜਾਵੇਗੀ "ਸ਼ਹਿਰ ਨੰਬਰ ਪੰਜ--ਦਸਵੇਂ ਮਹੀਨੇ ਦੀ ਤਾਰੀਖ ਵੀਹ ਨੂੰ ਸ਼ਹਿਰ ਨੰਬਰ ਪੰਜ ਦੇ ਮੁਹੱਲਾ ਨੰਬਰ ਪੰਜ-ਤਾਲੀ ਦੀ ਗਲੀ ਸਤਾਰਾਂ ਦੇ ਮਕਾਨ ਪੈਂਹਠ ਦੇ ਮਕਾਨ ਵਿਚ ਕਲ੍ਹ ਅੱਗ ਲਗ ਗਈ। ਫਾਇਰ ਬਰਗੇਡ ਨੰਬਰ ਛੇ ਦੀਆਂ ਚਾਰ ਗੱਡੀਆਂ ਨੇ ਅੱਗ ਬੁਝਾਈ। ਪਰ ਅੱਗ ਵਿਚ ਦੋ ਔਰਤਾਂ ਜਿਹਨਾਂ ਦੇ ਨੰਬਰ ੧੭੬੪੦੪ ਅਤੇ ੨੭੬੪:੫ ਹਨ ਝੁਲਸ ਗਈਆਂ ਅਤੇ ਇਕ ਬੱਚਾ ਨੰਬਰ ੧੩੫੭੩੨੧੨ ਗੰਭੀਰ ਰਪ ਨਾਲ ਜ਼ਖਮੀ ਹੋ ਗਿਆ। ਜ਼ਖਮੀ ਬੱਚੇ ਨੂੰ ਹਸਪਤਾਲ ਨੰਬਰ ਇਕ ਦੇ ਵਾਰਡ ਨੰਬਰ ਤਿੰਨ ਵਿਚ ਦਾਖਲ ਕਰਵਾਇਆ ਹੈ ਅਤੇ ਉਸ ਦਾ ਬਿਸਤਰਾ ਨੰਬਰ ਸੱਠ ਹੈ।"

ਪਾਠਕ ਜੀ, ਮੈਂ ਇਹ ਫਾਰਮੂਲਾ ਅਜ ਵਰਤਿਆ ਪਰ ਮੇਰਾ ਦੋ ਦਿਨ ਦਾ ਤਜਰਬਾ ਹੈ ਕਿ ਇਹ ਸਿਸਟਮ ਸਫਲ ਨਹੀਂ ਹੋ ਸਕਦਾ। ਇਹਨਾਂ ਦੋ ਦਿਨਾਂ ਵਿਚ ਮੇਰੀ ਪਤਨੀ ਨੇ ਕਿਹਾ .—"ਪਤੀ ਨੰਬਰ ਇਕ ਜੀ, ਮੁੰਨਾ ਨੰਬਰ ਚਾਰ ਦੀ ਬਾਂਹ ਨੰਬਰ ਦੋ ਤੇ ਗੁਆਂਢੀ ਨੰਬਰ ਚਾਰ ਦੇ ਛੋਕਰਾ ਨੰਬਰ ਸੱਤ ਨੇ ਚੱਕ ਵੱਢਿਆ ਹੈ। ਤੁਸੀਂ ਗੁਆਂਢੀ ਨੰਬਰ ਚਾਰ ਦੀ ਪੁਲਸ ਚੋਕੀ ਨੰਬਰ ਤਿੰਨ ਵਿਚ ਰਿਪੋਰਟ ਦਰਜ ਕਰਾਓ ਤੇ ਉਹਦਾ ਪਤਾ ਕਰੋ।" "ਪਤੀ ਜੀਉ, ਮੁੰਨਾ ਨੰਬਰ ਤਿੰਨ ਨੇ ਗਲਾਸ ਨੰਬਰ ਸੱਤ ਤੋੜ ਦਿਤਾ ਹੈ ਸੋ ਤੁਸੀਂ ਰੁਪਿਆ ਨੰਬਰ ਪੰਜ ਕਢੋ ਤੇ ਨਵੇਂ ਗਲਾਸ ਲੈ ਕੇ ਆਉ।

ਜਦੋਂ ਇਸੇ ਤਰ੍ਹਾਂ ਪਤਨੀ ਨੇ ਦੋ ਦਿਨ ਹਿੰਦਸੇਬਾਜ਼ੀ ਕੀਤੀ ਤਾਂ ਮੇਰਾ ਤਰਾਹ ਨਿਕਲ ਗਿਆ। ਪਰ ਪਤਨੀ ਆਪਣੀ ਆਈ ਤੇ ਆਈ ਹੋਈ ਨੰਬਰਾਂ ਦੀ ਵਰਤੋਂ ਕਰਦੀ ਜਾ ਰਹੀ ਸੀ ਤੇ ਮੈਂ ਉਸ ਘੜੀ ਨੂੰ ਕੋਸ ਰਿਹਾਂ ਜਦੋਂ ਮੇਰੇ ਇਸ ਵਾਹਿਆਤ ਦਿਮਾਗ ਨੇ ਏਨਾ ਰੱਦੀ ਆਈਡੀਆ ਉਪਜਾਇਆ ਸੀ। ●

ਭਾਰਤੀ ਹਾਕੀ ਟੀਮ ਦਾ ਨਿਊਜ਼ੀਲੈਂਡ ਦਾ ਦੌਰਾ

ਵਿਸ਼ਵ ਕਪ ਜੇਤੂ ਭਾਰਤੀ ਹਾਕੀ ਟੀਮ ਇਸ ਵੇਲੇ ਨਿਊਜ਼ੀਲੈਂਡ ਦਾ ਦੌਰਾ ਕਰ ਰਹੀ ਹੈ। ਕੁਆਲਾਲੰਪਰ ਵਿਖੇ ਤੀਜਾ ਵਿਸ਼ਵ ਕਪ ਜਿਤਣ ਮਗਰੋਂ ਭਾਰਤੀ ਟੀਮ ਦਾ ਇਹ ਪਹਿਲਾ ਵਿਦੇਸ਼ੀ ਦੌਰਾ ਹੈ। ਇਸ ਤੋਂ ਪਹਿਲਾਂ ਮਾਨਟਰੀਅਲ (ਕੈਨੇਡਾ) ਵਿਚ ਪ੍ਰੀ ਓਲੰਪਿਕ ਹਾਕੀ ਟੂਰਨਾਮੈਂਟ ਵਿਚ ਭਾਰਤ ਨੇ ਹਿੱਸਾ ਨਹੀਂ ਲਿਆ ਸੀ। ਇਹ ਟੂਰਨਾਮੈਂਟ ਇਕ ਬਨਾਵਟੀ (Artficial) ਗਰਾਊਂਡ ਤੇ ਖੇਡਿਆ ਗਿਆ ਤੇ ਪਛਮੀ ਜਰਮਨੀ ਨੇ ਜੋ ਕਿ ਵਿਸ਼ਵ ਕੱਪ ਹਾਕੀ ਵਿਚ ਤੀਜੇ ਨੰਬਰ ਤੇ ਰਿਹਾ, ਇਸ ਨੂੰ ਜਿਤ ਲਿਆ। ਅਤੇ ਇਸ ਤਰ੍ਹਾਂ ਪਾਕਿਸਤਾਨ ਇਕ ਵਾਰ ਫੇਰ ਪਿਛੇ ਰਹਿ ਗਿਆ। ਭਾਰਤ ਦੇ ਇਸ ਮੁਕਾਬਲੇ ਵਿਚ ਹਿੱਸਾ ਨਾ ਲੈਣ ਕਰਕੇ ਕਈ ਇਕ ਦਾ ਇਹ ਖਿਆਲ ਸੀ ਕਿ ਇਸ ਕਰਕੇ ਭਾਰਤ ਨੂੰ ਉਲੰਪਿਕ ਖੇਡਾਂ ਵਿਚ ਮੁਸ਼ਕਿਲ ਦਾ ਸਾਹਮਣਾ ਕਰਨਾ ਪਵੇਗਾ। ਇਸ ਗਲ ਨੂੰ ਨਜ਼ਰ ਵਿਚ ਰਖਦਿਆਂ ਹੋਇਆ ਭਾਰਤੀ ਹਾਕੀ ਸੰਘ ਨੇ ਨਿਊਜ਼ੀਲੈਂਡ ਦੇ ਦੌਰੇ ਦਾ ਪਰੋਗਰਾਮ ਬਣਾਇਆ। ਪਟਿਆਲੇ ਵਿਚ ਲਗਭਗ ਇਕ ਮਹੀਨਾ ਸਖਤ ਅਭਿਆਸ ਮਗਰੋਂ ਇਹ ਟੀਮ ਹੁਣ ਨਿਊਜ਼ੀਲੈਂਡ ਵਿਚ ਆਪਣੇ ਕਰਤੱਵ ਦਿਖਾ ਰਹੀ ਹੈ।

ਇਹ ਸਖਤ ਮਿਹਨਤ ਅਤੇ ਨਾ ਖਤਮ ਹੋਣ ਵਾਲੀ ਲਗਨ ਦਾ ਹੀ ਸਿੱਟਾ ਹੈ ਕਿ ਭਾਰਤ ਨੇ ਨਿਊਜ਼ੀਲੈਂਡ ਵਿਰੁਧ 4 ਟੈਸਟ ਮੈਚਾਂ ਦੀ ਲੜੀ 3-1 ਨਾਲ ਜਿਤ ਲਈ ਹੈ। ਇਹ ਭਾਰਤੀਆਂ ਵਾਸਤੇ ਬੜੇ ਫ਼ਖਰ ਦੀ ਗਲ ਹੈ। ਇਥੇ ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਹੈ ਕਿ ਨਿਊਜ਼ੀਲੈਂਡ ਦੀ ਹਾਕੀ ਟੀਮ ਦੁਨੀਆਂ ਦੀਆਂ ਚੋਟੀ ਦੀਆਂ 6 ਟੀਮਾਂ ਵਿਚੋਂ ਹੈ। ਭਾਰਤ ਨੇ ਪਹਿਲਾ ਟੈਸਟ 4-2 ਤੇ ਜਿਤਿਆ ਦੂਜਾ 2-3 ਤੇ ਹਰਿਆ ਤੀਜਾ 2-1 ਅਤੇ ਚੌਥਾ ਵੀ 2-1 ਤੇ ਜਿਤਿਆ। ਭਾਰਤੀ ਹਾਕੀ ਸੰਘ ਦੇ ਪ੍ਰਧਾਨ ਅਤੇ ਖਿਲਾੜੀ ਇਸ ਅਪੂਰਵ ਸਫ਼ਲਤਾ ਲਈ ਵਧਾਈ ਦੇ ਪਾਤਰ ਹਨ ਅਤੇ ਅਸੀਂ ਹੀ ਨਹੀਂ ਬਲਕਿ ਸਾਰਾ ਭਾਰਤ ਇਹ ਉਮੀਦ ਅਤੇ ਪ੍ਰਾਥਨਾ ਕਰਦਾ ਹੈ ਕਿ ਉਹ ਇਕ ਵਾਰੀ ਫੇਰ ਭਾਰਤ ਨੂੰ ਉਲੰਪਿਕ ਵਿਜੇਤਾ ਕਹਾਉਣ ਦਾ ਗੌਰਵ ਪ੍ਰਾਪਤ ਹੋਵੇ।

ਚੌਥਾ ਆਲ ਇੰਡਿਆ ਇਨਵੀਟੇਸ਼ਨ ਹਾਕੀ ਟੂਰਨਾਮੈਂਟ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜਲੰਧਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਚ ਚੌਥਾ ਆਲ ਇੰਡੀਆ ਇਨਵੀਟੇਸ਼ਨ ਹਾਕੀ ਟੂਰਨਾਮੈਂਟ ਖੇਡਿਆ ਗਿਆ। ਇਸ ਟੂਰਨਾਮੈਂਟ ਨੂੰ ਸਫਲਤਾ ਪੂਰਵਕ ਚਲਾਉਣ ਦਾ ਸਿਹਰਾ ਸ੍ਰ: ਗੁਰਚਰਨ ਸਿੰਘ 'ਬੋਧੀ' ਕੋਚ ਜੇਤੂ ਵਿਸ਼ਵ ਕਪ ਭਾਰਤੀ ਹਾਕੀ ਟੀਮ ਦੇ ਸਿਰ ਹੈ ਅਤੇ ਉਹ ਇਸ ਵਾਸਤੇ ਵਧਾਈ ਦੇ ਪਾਤਰ ਹਨ। ਇਸ ਟੂਰਨਾਮੈਂਟ ਵਿਚ ਦੇਸ਼ ਦੀਆਂ ਸਿਰਕੱਢ ਟੀਮਾਂ ਨੇ ਹਿੱਸਾ ਲਿਆ। ਜਿਨ੍ਹਾਂ ਵਿਚ ਬੀ. ਐਸ. ਐਫ. ਪੰਜਾਬ ਪੁਲੀਸ, ਸਿਗਨਲਜ਼ ਜਲੰਧਰ, ਸਿਖ ਰੈਜੀਮੈਂਟਲ ਸੈਂਟਰ ਮੇਰਠ, GSC ਰੁੜਕੀ ਅਤੇ ਰੌਕ ਰੋਵਰਜ਼ ਚੰਡੀਗੜ੍ਹ ਆਦਿਕ।

ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਹ ਟੂਰਨਾਮੈਂਟ ਪੰਜਾਬ ਪੁਲਸ ਜਲੰਧਰ ਨੇ ਜਿਤਿਆ ਤੇ ਦੂਜੀ ਵਾਰੀ ਲਗਾਤਾਰ ਹਾਰ ਦਾ ਮੂੰਹ ਵੇਖਣਾ ਪਿਆ ਜਲੰਧਰ ਦੀ ਹੀ ਬਹੁਤ ਮਸ਼ਹੂਰ ਟੀਮ ਸਿਗਨਲਜ਼ ਨੂੰ। ਸਕੋਰ ਸੀ ਪੰਜਾਬ ਪੁਲੀਸ 2 ਗੋਲ ਅਤੇ ਸਿਗਨਲਜ਼ ਇਕ ਗੋਲ। ਫਾਈਨਲ ਮੈਚ ਵਿਚ ਖੇਡ ਦਾ ਪੱਧਰ ਬਹੁਤ ਉੱਚਾ ਨਹੀਂ ਸੀ। ਵੇਖਣ ਵਾਲਿਆਂ ਨੂੰ ਹੈਰਾਨੀ ਹੋ ਰਹੀ ਸੀ ਕਿ ਕੀ ਭਾਰਤ ਵਿਚ ਹਾਕੀ ਦਾ ਪੱਧਰ ਐਨਾ ਗਿਰ ਗਿਆ ਹੈ। ਪੰਜਾਬ ਪੁਲੀਸ ਸਾਰੀ ਖੇਡ ਵਿਚ ਸਿਗਨਲਜ਼ ਤੇ ਹਾਵੀ ਰਹੀ ਪਰ ਬਹੁਤੇ ਗੋਲ ਕਰਨੋਂ ਅਸਮਰਥ ਰਹੀ। ਸਿਗਨਲ ਦੀ ਟੀਮ ਆਪਣੀ ਪੁਰਾਣੀ ਖੇਡ ਦਾ ਪ੍ਰਦਰਸ਼ਨ ਕਰਨ ਵਿਚ ਅਸਫਲ ਰਹੀ। ਸਾਰੇ ਮੈਚ ਦੇ ਦੌਰਾਨ ਉਹਨਾਂ ਨੂੰ ਸਿਰਫ ਇਕ ਪੈਨਲਟੀ ਕਾਰਨਰ ਮਿਲਿਆ ਜਿਸ ਤੋਂ ਕਿ ਉਹ ਇਕ ਗੋਲ ਕਰਨ ਵਿਚ ਕਾਮਯਾਬ ਹੋਏ।

ਇਸ ਟੂਰਨਾਮੈਂਟ ਦਾ ਸਰਬੋਤਮ ਮੈਚ ਸ਼ਾਇਦ ਸਿਖ ਰਜਮੈਂਟਲ ਸੈਂਟਰ ਮੇਰਠ ਅਤੇ ਪੰਜਾਬ ਪੁਲੀਸ ਜਲੰਧਰ ਦਾ ਸੈਮੀ ਫਾਈਨਲ ਸੀ। ਖੇਡ ਦੇ ਵਿਪਰੀਤ ਪੰਜਾਬ ਪੁਲੀਸ ਨੇ ਇਹ ਮੈਚ ਇਕ ਗੋਲ ਨਾਲ ਜਿਤ ਲਿਆ। ਸ਼ਾਇਦ ਵਿਜੈ ਦੀ ਦੇਵੀ ਸਿਖ ਰੈਜੀਮੈਂਟਲ ਸੈਂਟਰ ਨਾਲ ਨਰਾਜ਼ ਸੀ। ਬਾਵਜੂਦ ਬੇਹਤਰੀਨ ਖੇਲ ਦੇ ਉਹ ਪੰਜਾਬ ਪੁਲੀਸ ਨੂੰ ਨਾ ਹਰਾ ਸਕੇ।

ਡੀ. ਸੀ. ਐਮ. ਫੁਟਬਾਲ

ਭਾਰਤੀ ਹਾਕੀ ਦੇ ਇਤਿਹਾਸ ਦਾ ਇਕ ਬਹੁਤ ਭੈੜਾ ਕਿੱਸਾ ਖਤਮ ਹੋਇਆ ਪਰ ਫੁਟਬਾਲ ਵਿਚ ਉਹੋ ਰਾਮ ਕਹਾਣੀ ਸ਼ੁਰੂ ਹੋ ਗਈ। ਪਹਿਲਾਂ ਖਬਰ ਆਈ ਕਿ ਪੰਜਾਬ ਫੁਟਬਾਲ ਐਸੋਸੀਏਸ਼ਨ ਦੇ ਸਕੱਤਰ ਸ: ਜਰਨੈਲ ਸਿੰਘ ਨੇ ਅਸਤੀਫਾ ਦੇ ਦਿਤਾ ਹੈ। ਪਰ ਉਹਨਾਂ ਨੇ ਇਸ ਗਲ ਦਾ ਖੰਡਨ ਕੀਤਾ ਅਤੇ ਕਿਹਾ ਕਿ ਉਹਨਾਂ ਨੇ ਕੋਈ ਅਸਤੀਫ਼ਾ ਨਹੀਂ ਦਿਤਾ। ਫੇਰ ਪੰਜਾਬ ਦੀਆਂ ਚੋਟੀ ਦੀਆਂ ਤਿੰਨ ਟੀਮਾਂ ਜੇ. ਸੀ. ਟੀ. ਮਿਲਜ਼ ਫਗਵਾੜਾ, ਬੀ. ਐਸ. ਐਫ. ਤੇ ਪੰਜਾਬ ਪੁਲੀਸ ਜਲੰਧਰ ਨੂੰ ਡੀ. ਸੀ. ਐਮ. ਫੁਟਬਾਲ ਟੂਰਨਾਮੈਂਟ ਵਿਚ ਹਿੱਸਾ ਲੈਣ ਤੋਂ ਰੋਕ ਦਿਤਾ ਗਿਆ। ਪਰ ਟੂਰਨਾਮੈਂਟ ਕਮੇਟੀ ਨੇ ਆਪਣਾ ਇਕ ਦੂਤ ਪੰਜਾਬ ਭੇਜਿਆ ਜਿਸ ਦੇ ਫਲ ਸਰੂਪ ਜੇ. ਸੀ. ਟੀ. ਮਿਲਜ਼ ਫਗਵਾੜਾ ਨੇ ਇਸ ਟੂਰਨਾਮੈਂਟ ਵਿਚ ਹਿੱਸਾ ਲਿਆ। ਪੰਜਾਬ ਪਲੀਸ ਜਲੰਧਰ ਦੀ ਟੀਮ ਇਸ ਤੋਂ ਪਹਿਲਾਂ ਹੀ ਇਸ ਵਿਚ ਹਿੱਸਾ ਲੈਣ ਲਈ ਦਿਲੀ ਪਹੁੰਚ ਚਕੀ ਸੀ। ਹੁਣ ਇਹ ਦੋਵੇਂ ਟੀਮਾਂ ਟੂਰਨਾਮੈਂਟ ਵਿਚੋਂ ਬਾਹਰ ਹੋ ਚੁਕੀਆਂ ਹਨ।

ਪਰ ਇਸ ਗੱਲ ਦੀ ਇਥੇ ਹੀ ਬਸ ਨਹੀਂ। ਕੁਝ ਅਖਬਾਰਾਂ ਵਿਚ ਇਹ ਖਬਰ ਛਪੀ ਹੈ ਕਿ ਇਸ ਸਾਰੀ ਕਹਾਣੀ ਦਾ ਮੂਲ ਕਾਰਨ ਪੰਜਾਬ ਫੁਟਬਾਲ ਸੰਘ ਦੇ ਪ੍ਰਧਾਨ ਸ੍ਰੀ ਡੀ ਡੀ. ਸਹਿਗਲ ਦੀ ਆਲ ਇੰਡੀਆ ਲੀਡਰਜ ਫੁਟਬਾਲ ਟੂਰਨਾਮੈਂਟ ਦੇ ਆਯੋਜਨ ਦੀ ਭਾਰਤੀ ਫੁਟਬਾਲ ਸੰਘ ਵਲੋਂ ਨਾ ਮਨਜ਼ੂਰੀ ਹੈ। ਸੰਘ ਦੇ ਸੰਵਿਧਾਨ ਅਨੁਸਾਰ ਕਿਸੇ ਵੀ ਪ੍ਰਾਈਵੇਟ ਕੰਪਨੀ ਦੇ ਨਾਂ ਤੇ ਫੁਟਬਾਲ ਟੂਰਨਾਮੈਂਟ ਨਹੀਂ ਖੇਡਿਆ ਜਾ ਸਕਦਾ। ਪਰ ਨਾਲ ਦੇ ਨਾਲ ਡੀ. ਸੀ. ਐਮ ਅਤੇ ਹੋਰ ਟੂਰਨਾਮੈਂਟਾਂ ਨੂੰ ਪੁਰਾਣੇ ਹੋਣ ਦੇ ਬਹਾਨੇ ਖੇਡਨ ਦੀ ਆਗਿਆ ਦਿਤੀ ਹੈ। ਇਸ ਮੁਸੀਬਤ ਤੋਂ ਬਹੁਤ ਜਲਦੀ ਛੁਟਕਾਰਾ ਪਾਇਆ ਜਾ ਸਕਦਾ ਹੈ ਜੇਕਰ ਭਾਰਤੀ ਫੁਟਬਾਲ ਸੰਘ ਅਪਣੇ ਸੰਵਿਧਾਨ ਵਿਚ ਤਰਮੀਮ ਕਰ ਦੇਵੇ ਤਾਂ ਇਸ ਨਾਲ ਸਾਰੀ ਸਮਸਿਆ ਹਲ ਹੋ ਜਾਂਦੀ ਹੈ। ਇਸ ਨਾਲ ਫੁਟਬਾਲ ਦੀ ਖੇਡ ਹੋਰ ਵੀ ਲੋਕ ਪ੍ਰਿਯ ਬਣੇਗੀ ਅਤੇ ਇਸ ਦਾ ਪੱਧਰ ਉੱਚਾ ਹੋਏਗਾ। ਅਤੇ ਇਸ ਸਾਰਿਆਂ ਨਾਲੋਂ ਜ਼ਿਆਦਾ ਫ਼ਾਇਦਾ ਪੰਜਾਬ ਵਾਸੀਆਂ ਨੂੰ ਹੋਏਗਾ। ਉਨ੍ਹਾਂ ਨੂੰ ਦੇਸ਼ ਦੀਆਂ ਚੁਣਵੀਆਂ ਟੀਮਾਂ ਨੂੰ ਪੰਜਾਬ ਵਿਚ ਖੇਡਦਿਆਂ ਵੇਖਣ ਦਾ ਮੌਕਾ ਮਿਲੇਗਾ।

ਅੰਤਰ ਰਾਸ਼ਟਰੀ ਹਾਕੀ ਟੂਰਨਾਮੈਂਟ

ਮਦਰਾਸ ਵਿਚ 29 ਦਸੰਬਰ ਤੋਂ 8 ਜਨਵਰੀ 1976 ਤਕ ਇਕ ਅੰਤਰ ਰਾਸ਼ਟਰੀ ਹਾਕੀ ਟੂਰਨਾਮੈਂਟ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਦਾ ਆਯੋਜਨ ਭਾਰਤੀ ਹਾਕੀ ਸੰਘ ਆਪਣੀ ਸਿਲਵਰ ਜੁਬਲੀ ਦੇ ਅਵਸਰ ਤੇ ਕਰ ਰਿਹਾ ਹੈ।ਜਿਨ੍ਹਾਂ ਟੀਮਾਂ ਨੇ ਟੂਰਨਾਮੈਂਟ ਵਿਚ ਹਿੱਸਾ ਲੈਣ ਦੀ ਸਹਿਮਤੀ ਪ੍ਰਗਟ ਕੀਤੀ ਹੈ, ਉਨ੍ਹਾਂ ਵਿਚ ਸਪੇਨ, ਹਾਲੈਂਡ (ਵਿਜੇਤਾ ਦੂਜਾ ਵਿਸ਼ਵ ਕੱਪ) ਮਲੇਸ਼ੀਆ, ਬੈਲਜੀਅਮ ਅਤੇ ਫ਼ਰਾਂਸ ਹਨ। ਕੁਲ 14 ਦੇਸ਼ਾਂ ਨੂੰ ਜਿਨ੍ਹਾਂ ਵਿਚ ਪਾਕਿਸਤਾਨ ਵੀ ਸ਼ਾਮਲ ਹੈ ਇਸ ਵਿਚ ਭਾਗ ਲੈਣ ਲਈ ਬੇਨਤੀ ਕੀਤੀ ਗਈ ਹੈ। ਪਾਕਿਸਤਾਨ ਨੇ ਅਜੇ ਤਕ ਕੋਈ ਜੁਆਬ ਨਹੀਂ ਦਿਤਾ। ਆਸ ਹੈ ਕਿ ਇਸ ਮਹੀਨੇ ਦੇ ਅਖੀਰ ਤਕ ਬਾਕੀ ਟੀਮਾਂ ਵੀ ਇਸ ਵਿਚ ਭਾਗ ਲੈਣ ਦੀ ਪੁਸ਼ਟੀ ਕਰ ਦੇਣਗੀਆਂ। ●

ਸਭਿਆਚਾਰ—

ਚੰਡੀਗੜ੍ਹ ਵਿਚ ਸਿਤਾਰ ਦਾ ਪ੍ਰੋਗਰਾਮ

19 ਅਕਤੂਬਰ ਦੀ ਸ਼ਾਮ ਨੂੰ ਚੰਡੀਗੜ੍ਹ ਦੇ ਲੋਕਾਂ ਨੂੰ ਇਥੋਂ ਦੇ ਟੈਗੋਰ ਥੀਏਟਰ ਵਿਚ ਇਕ ਬਹੁਤ ਹੀ ਅਦਭੁਤ ਸੰਗੀਤ ਦਾ ਪ੍ਰੋਗ੍ਰਾਮ ਸੁਨਣ ਦਾ ਅਵਸਰ ਮਿਲਿਆ। ਇਹ ਸੀ ਜਗਤ ਪ੍ਰਸਿਧ ਸਿਤਾਰ ਵਾਦਕ ਉਸਤਾਦ ਵਲਾਇਤ ਖਾਂ ਸਾਹਿਬ ਦੇ ਸਯੋਗ ਸਾਹਿਬਜ਼ਾਦੇ ਸੁਜਾਤ ਹੁਸੈਨ ਦੇ ਸਿਤਾਰ ਵਾਦਨ ਦਾ ਪ੍ਰਦਰਸ਼ਨ।

ਵਲਾਇਤ ਖਾਂ ਸਾਹਿਬ ਤਾਂ ਸਿਤਾਰ ਦੇ ਜਾਦੂਗਰ ਕਹੇ ਜਾਂਦੇ ਹਨ ਅਤੇ ਸਾਰੇ ਸੰਸਾਰ ਦੇ ਸੰਗੀਤ ਪ੍ਰੇਮੀ ਲੋਕਾਂ ਵਿਚ ਉਹਨਾਂ ਨੇ ਹਿੰਦੁਸਤਾਨੀ ਸੰਗੀਤ ਦਾ ਨਾਮ ਉਚਾ ਕੀਤਾ ਹੈ। ਹੁਣੇ ਹੁਣੇ ਉਹਨਾਂ ਦਾ ਇਕ ਵਿਸ਼ੇਸ਼ ਪ੍ਰੋਗਰਾਮ ਇੰਗਲੈਂਡ ਦੀ ਮਲਕਾ ਸਾਹਮਣੇ ਵੀ ਹੋਇਆ ਹੈ। ਜਿਸੇ ਸੰਗੀਤ ਕਾਨਫਰੰਸ ਵਿਚ ਉਹਨਾਂ ਦਾ ਪੁੱਜਣਾ ਹੀ ਉਸ ਕਾਨਫਰੰਸ ਦੀ ਵਡਿਤਣ ਦਾ ਪ੍ਰਮਾਣ ਸਮਝਿਆ ਜਾਂਦਾ ਹੈ। ਇਸ ਵਾਸਤੇ ਏਡੇ ਪ੍ਰਤਾਪੀ ਕਲਾਕਾਰ ਦੇ ਸਾਹਿਬਜ਼ਾਦੇ ਦਾ ਪ੍ਰੋਗਰਾਮ, ਉਹ ਵੀ ਚੰਡੀਗੜ੍ਹ ਵਿਚ ਪਹਿਲੀ ਵਾਰ, ਜ਼ਰੂਰ ਉਤਸਕਤਾ ਦਾ ਕਾਰਨ ਸੀ।

ਸੁਜਾਤ ਹਸੈਨ, ਮਹਾਨ ਪਿਤਾ ਦਾ ਹੋਣ ਹਾਰ ਸਪੁਤਰ, ਉਮਰ 14 ਸਾਲ, ਮਾਸੂਮ ਚੇਹਰਾ ਅਤੇ ਬੜੀ ਨਿਘੀ, ਨਿਰਮਾਣ ਅਤੇ ਮਿਲਨ ਸਾਰ ਤਬੀਅਤ ਦਾ ਸੁਆਮੀ ਹੈ। ਆਪਣੇ ਖ਼ਾਨਦਾਨ ਦੀ ਸੰਗੀਤ ਪਰੰਪਰਾ ਅਨੁਸਾਰ ਸਤਵੀਂ ਪੀੜ੍ਹੀ ਦੀ ਪ੍ਰਤੀਨਿਧਤਾ ਕਰਦਾ ਹੈ। ਤਿੰਨ ਸਾਲ ਦੀ ਬਾਲੜੀ ਉਮਰ ਤੋਂ ਹੀ ਆਪਣ ਸਯੋਗ ਪਿਤਾ ਉਸਤਾਦ ਵਲਾਇਤ ਹੁਸੈਨ ਖਾਂ ਸਾਹਿਬ ਪਾਸੋਂ ਇਸ ਨੇ ਸਿਖਿਆ ਲੈਣੀ ਸ਼ੁਰੂ ਕੀਤੀ। ਅਤੇ ਕਠਨ ਅਭਿਆਸ ਡਸਿਪਲਨ ਅਤੇ ਅਪਣੀ ਸੂਝ ਬੂਝ ਨਾਲ ਸੰਗੀਤ ਜਗਤ ਵਿਚ ਥਲਕਾ ਮਚਾ ਦਿਤਾ ਹੈ। ਅਜ ਤੋਂ ਪੰਜ ਕੁ ਸਾਲ ਪਹਿਲਾਂ ਸੁਜਾਤ ਬਾਰੇ ਇਕ ਸਮੀਖਅਕ ਨੇ ਲਿਖਿਆ ਸੀ ਕਿ "ਸੇਨੀਆਂ ਘਰਾਣੇ ਦੀ ਇਹ ਸ੍ਵਾਂਤ ਬੂੰਦ ਇਸ ਨਿੱਕੇ ਜਿਹੇ ਸਿਪ ਵਿਚ ਪ੍ਰਵੇਸ਼ ਕਰਕੇ ਕੈਸਾ ਮੋਤੀ ਪੈਦਾ ਕਰੇਗੀ ਇਸ ਵੱਲ ਅੱਜ ਸੰਗੀਤ ਸੰਸਾਰ ਦੀਆਂ ਅੱਖਾਂ ਲੱਗੀਆਂ ਹੋਈਆਂ ਹਨ।"

ਅਤੇ ਅਜ ਸੰਗੀਤ ਸੰਸਾਰ ਵੇਖ ਰਿਹਾ ਹੈ ਕਿ ਕਿਡੀ ਮਹਾਨ ਚਮਕ ਦਮਕ ਵਾਲਾ ਇਹ ਮੋਤੀ ਪੈਦਾ ਹੋਇਆ ਹੈ।

ਇਹ ਪਰੋਗਰਾਮ ਪ੍ਰਿੰਸੀਪਲ ਸ੍ਰੀਮਤੀ ਐਸ. ਰਾਏ, ਪ੍ਰੋ: ਯਸ਼ਪਾਲ ਅਤੇ ਪ੍ਰੋ: ਜਿਤੇਂਦਰ ਕੁਮਾਰ ਦੇ ਕਹਿਣ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਪ੍ਰਸਤੀ ਹੇਠ ਹੋਇਆ।

ਸ੍ਰੀ ਸੁਜਾਤ ਖਾਂ ਨੇ ਸਭ ਤੋਂ ਪਹਿਲਾਂ ਰਾਗ ਪੂਰੀਆ ਧਨਾਸਰੀ ਵਜਾਇਆ। ਆਪਣੀ ਵੰਸ਼ ਪਰੰਪਰਾ ਅਨੁਸਾਰ ਇਹ ਗਾਇਕੀ ਅੰਗ ਦਾ ਸਿਤਾਰ ਵਜਾਉਂਦੇ ਹਨ। ਰਾਗ ਪੂਰੀਆ ਧਨਾਸ਼ਰੀ ਵਿਚ ਆਲਾਪ ਮੀਂਡ ਮੁਰਕੀ ਦਾ ਕੰਮ ਬਹੁਤ ਪਰਸ਼ੰਸਾ ਯੋਗ ਸੀ। ਆਲਾਪ ਕਰਦੇ ਸਮੇਂ ਰਾਗ ਦੀ ਸ਼ੁਧਤਾ ਦਾ ਪੂਰਾ ਧਿਆਨ ਰਖਿਆ ਗਿਆ।

ਆਪਣੇ ਘਰਾਣੇ ਦੀ ਵਿਸ਼ੇਸ਼ਤਾ, ਜੋੜ ਵਿਚ ਲੈਅ ਦਾ ਠੀਕ ਢੰਗ ਨਾਲ ਅਤੇ ਕਠਨ ਪ੍ਰਯੋਗ ਪੂਰੀ ਸਫਲਤਾ ਨਾਲ ਕੀਤਾ। ਜੋੜ ਆਲਾਪ ਪਿਛੋਂ ਠੋਂਕ ਝਾਲਾ ਅਤੇ ਝਾਲੇ ਵਿਚ ਜ਼ਬਰਦਸਤ ਤਿਆਰੀ ਦਾ ਪ੍ਰਦਰਸ਼ਨ ਕੀਤਾ ਗਿਆ। ਗੱਤਕਾਰੀ ਇਸ ਘਰਾਣੇ ਦੀ ਸ਼ੈਲੀ ਦਾ ਅਦਭੁਤ ਅਗ ਹੈ। ਗੱਤ ਵਿਚ ਲੈਅ ਅਤੇ ਮਿਜ਼ਰਾਬ ਦੇ ਬੋਲਾਂ ਦੀ ਤਿਆਰੀ ਤਾਨਾਂ ਦਾ ਬਹਾਓ, ਪ੍ਰਕਾਰ ਤਾਨ, ਫਿਰਤ, ਸਪਾਟ ਅਤੇ ਤਿੰਨ ਸਪਤਕ ਦੀਆਂ ਤਾਨਾਂ ਵਿਚ ਪੂਰੀਆ ਧਨਾਸ਼ਰੀ ਨੂੰ ਸਜਾ ਕੇ ਸਮਾਂ ਬੰਨ ਦਿਤਾ।

ਦਰੁਤ ਲੈਅ ਦੀ ਗਤ ਵਿਚ ਸੁਜਾਤ ਜੀ ਨੇ ਉਸਤਾਦ ਵਲਾਇਤ ਖਾਂ ਸਾਹਿਬ ਤੋਂ ਸਿਖੇ ਹੋਏ ਖ਼ਿਆਲ "ਆਵਨ ਕਹਿ ਗਏ......" ਨੂੰ ਵਜਾ ਕੇ ਗਾਇਕੀ ਅੰਗ ਦਾ ਸੁੰਦਰ ਪ੍ਰਦਰਸ਼ਨ ਕੀਤਾ।

ਗੱਤ ਵਿਚ ਛੋਟੀਆਂ ਛੋਟੀਆਂ ਤਾਨਾਂ ਲੈ ਕੇ ਅਤੇ ਫਿਰ ਬਹੁਤ ਹੀ ਸੁੰਦਰ ਢੰਗ ਨਾਲ ਮੁਖੜਾ ਪਕੜ ਕੇ ਕਮਾਲ ਦਿਖਾਇਆ। ਤਾਨਾਂ ਬਹੁਤ ਤੇਜ਼ ਲੈਅ ਵਿਚ ਪੂਰੀ ਯੋਗਤਾ ਨਾਲ ਵਜਾਈਆਂ ਅਤੇ ਬਹੁਤ ਸੁੰਦਰ ਸੁੰਦਰ ਤਿਹਾਈਆਂ ਵਜਾ ਕੇ ਸਰੋਤਿਆਂ ਨੂੰ ਮੁਗਧ ਕੀਤਾ।

ਸੁਜਾਤ ਖਾਂ ਦੀ ਤਿਆਰੀ ਝਾਲੇ ਸਮੇਂ ਪੂਰੇ ਜੋਬਨ ਤੇ ਸੀ। ਅਤਿ ਦਰੁਤ ਲੈਅ ਵਿਚ ਅਤੇ ਚਾਰ ਚਾਰ ਸਟਰੋਕ ਲਗਾ ਕੇ ਜਦੋਂ ਸਮਾਂ ਬੰਨ ਦਿੱਤਾ ਤਾਂ ਸਰੋਤਿਆਂ ਬਾਰ ਬਾਰ ਭਰਪੂਰ ਤਾਲੀਆਂ ਦੀ ਗੂੰਜਾਰ ਨਾਲ ਪ੍ਰਸੰਸਾ ਪ੍ਰਗਟ ਕੀਤੀ।

ਪੂਰੀਆ ਧਨਾਸਰੀ ਪਿਛੋਂ ਭਟਿਆਲੀ ਧੁਨ (ਬੰਗਲਾ ਗੀਤ) ਅਤੇ ਭੈਰਵੀ ਵਿਚ ਦਾਦਰਾ ਵਜਾ ਕੇ ਸਰੋਤਿਆਂ ਨੂੰ

ਇਕ ਮਨ ਚਿਤ ਸਹਿਤ ਸੁਰ ਗੰਗਾ ਦਾ ਸੁਆਦ ਮਾਨਣ ਦਾ ਅਵਸਰ ਦਿਤਾ। ਸੁਜਾਤ ਖਾਂ ਨਾਲ ਤਬਲੇ ਤੇ ਬਹੁਤ ਹੀ ਯੋਗਤਾ ਅਤੇ ਪ੍ਰਬੀਨਤਾ ਨਾਲ ਸਾਥ ਦਿਤਾ ਅੰਮ੍ਰਿਤਸਰ ਦੇ ਸ: ਅਵਤਾਰ ਸਿੰਘ ਜੀ ਨੇ। ਅਵਤਾਰ ਸਿੰਘ ਜੀ ਤਬਲੇ ਦੇ ਪ੍ਰਸਿਧ ਕਲਾਕਾਰ ਪੰਡਤ ਸ਼ਾਮਤਾ ਪ੍ਰਸਾਦ ਦੇ ਸ਼ਾਗਿਰਦ ਹਨ ਅਤੇ ਇਹਨਾਂ ਦੇ ਮਿੱਠੇ ਤਬਲਾ ਵਾਦਨ ਦੀ ਪਰਸੰਸਾ ਵਜੋਂ ਸਰੋਤਿਆਂ ਨੇ ਬਾਰ ਬਾਰ ਤਾਲੀਆਂ ਵਜਾ ਕੇ ਇਹਨਾਂ ਦਾ ਅਭਿਨੰਦਨ ਕੀਤਾ।

ਸਮੁਚੇ ਤੌਰ ਤੇ ਇਹ ਬਹੁਤ ਹੀ ਸਫਲ ਅਤੇ ਯਾਦਗਾਰੀ ਪ੍ਰੋਗਰਾਮ ਸੀ। ਸ਼ੁਜਾਤ ਹੁਸੈਨ ਖਾਂ ਦੇ ਪ੍ਰੋਗਰਾਮ ਤੋਂ ਇਹ ਪ੍ਰਗਟ ਹੋ ਰਿਹਾ ਸੀ ਕਿ ਪੂਰੇ ਸੰਸਾਰ ਵਿਚ ਭਾਰਤੀ ਸੰਗੀਤ ਦਾ ਡੰਕਾ ਵਜਾ ਦੇਣ ਵਾਲਾ ਇਕ ਹੋਰ ਕਲਾਕਾਰ ਤਿਆਰ ਹੋ ਰਿਹਾ ਹੈ।

—ਵੀਰਿੰਦਰ

ਜਲੰਧਰ ਵਿਚ ਸ਼ਾਮ–ਏ–ਗ਼ਜ਼ਲ

ਜਲੰਧਰ ਵਿਚ ਡਾ: ਗੁਰਚਰਨ ਸਿੰਘ ਦੀਆਂ ਗਜ਼ਲਾਂ ਨਾਲ ਇਕ ਸ਼ਾਮ, 17 ਅਕਤੂਬਰ 1975 ਨੂੰ ਜਲੰਧਰ ਮਾਡਲ ਟਾਊਨ ਵਿਚ ਮਨਾਈ ਗਈ ਜਿਸ ਦੀ ਪ੍ਰਧਾਨਗੀ ਸ: ਸਾਧੂ ਸਿੰਘ ਹਮਦਰਦ ਜੀ ਨੇ ਕੀਤੀ। ਪ੍ਰੋ: ਜੋਗਿੰਦਰ ਸਿੰਘ 'ਬਾਵਰਾ' ਸ: ਰਛਪਾਲ ਸਿੰਘ ਪਾਲ ਅਤੇ ਹੋਰ ਕਵੀ ਤੇ ਸੰਗੀਤਕਾਰਾਂ ਨੇ ਡਾਕਟਰ ਸਾਹਿਬ ਦੀਆਂ ਗ਼ਜ਼ਲਾਂ ਗਾ ਕੇ ਅਤੇ ਪੜ੍ਹ ਕੇ ਸੁਣਾਈਆਂ।

ਅਲੰਕਾਰ

● ਜੈਪੁਰ ਦੇ ਸਾਬਕਾ ਰਾਜ ਘਰਾਣੇ ਪਾਸੋਂ ਕੇਵਲ 9 ਕਰੋੜ ਦਾ ਸੋਨਾ ਤੇ ਹੀਰੇ ਮਿਲੇ ਹਨ। ਗਵਾਲੀਅਰ ਦੀ ਰਾਜ ਘਰਾਣੇ ਵਿਜੈ ਰਾਜੇ ਸਿੰਧੀਆ ਤੇ ਹੋਰ ਮੈਂਬਰਾਂ ਤੋਂ 2.50 ਕਰੋੜ ਦਾ ਸੋਨਾ ਤੇ ਚਾਂਦੀ ਮਿਲੇ ਹਨ।

● ਕਾਮਵਾਸਨਾ ਨੂੰ ਕੰਟਰੋਲ ਕਰਨ ਲਈ ਇਕ ਨਵਾਂ ਇਲਾਜ ਨਿਕਲਿਆ ਹੈ "ਸਟੇਰੀਓ ਟੈਕਿਟਕ ਸਰਜਰੀ" ਇਸ ਨਾਲ ਸੈਕਸ ਅਪਰਾਧੀਆਂ ਦੇ ਦਿਮਾਗ ਦੇ ਉਸ ਹਿਸੇ ਦੀ ਪੜਤਾਲ ਕਰਕੇ ਜਿਥੇ ਵਾਸਨਾ ਕੇਂਦਰ ਹੁੰਦੇ ਹਨ ਉਪਰੇਸ਼ਨ ਕੀਤਾ ਜਾਂਦਾ ਹੈ। 50 ਤੋਂ 70 ਘਣ ਮਿਲੀ ਮੀਟਰ ਦੀਆਂ ਕਾਮਕੋਸ਼ਆਵਾਂ ਦੇ ਜਾਲ ਨੂੰ ਬਿਜਲੀ ਰੋਗਾਂ ਨਾਲ ਨਸ਼ਟ ਕੀਤਾ ਜਾਂਦਾ ਹੈ। ਇਸ ਦਾ ਤਜਰਬਾ ਅਮਰੀਕਾ ਵਿਚ ਅਨੇਕਾਂ ਪਸੂਆ ਤੇ ਕੀਤਾ ਗਿਆ ਹੈ।

● ਜਰਮਨੀ ਵਿਚ ਡਾਕਟਰਾਂ ਨੇ ਸਰਜਰੀ ਕਰਕੇ ਇਕ 12 ਵਰ੍ਹਿਆਂ ਦੇ ਮੁੰਡੇ ਐਰਨੋ ਦੀਆਂ ਰੇਲ ਥਲੇ ਆ ਕੇ ਕਟੀਆਂ ਗਈਆਂ ਲੱਤਾਂ ਨੂੰ ਦੋਬਾਰਾ ਜੋੜ ਦਿਤਾ। ਉਪਰੇਸ਼ਨ 10 ਘੰਟੇ ਚਲਿਆ। ਪੰਦਰਾਂ ਸੈਂਟੀਮੀਟਰ ਲਤਾਂ ਛੋਟੀਆਂ ਜ਼ਰੂਰ ਹੋ ਜਾਣਗੀਆਂ।

WITH BEST COMPLIMENTS FROM

FREE INDIA GUN MANUFACTURERS

Manufacturers of :-

HIGH CLASS SINGLE & DOUBLE BARREL 12 BORE GUNS

Industrial Estate Extention

JAMMU CANTT.